ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ


ੴ

ਮਾਸਕ ਪੱਤਰ

# ਅਜੂਨੀ

ਮਨਸੂਰਾਂ (ਲੁਧਿਆਣਾ)

ਮਈ-ਜੂਨ
—
ਜੁਲਾਈ
1978



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ, ਸ੍ਰੀ ਪ੍ਰਕਾਸ਼ ਸਿੰਘ ਜੀ ਬਾਦਲ ਮੁਖ ਮੰਤਰੀ ਪੰਜਾਬ ਨੂੰ,
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮੈਮੋਰੀਅਲ ਹਸਪਤਾਲ ਦੇ ਮਨਸੂਰਾਂ ਦਮਦਮਾ ਅਸਥਾਨ
ਤੇ ਉਦਘਾਟਨ ਸਮੇਂ ਧਾਰਮਕ ਪੁਸ਼ਾਕ ਸਿਰੋਪਾ ਪਹਿਨਾ ਰਹੇ ਹਨ।



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਮੈਮੋਰੀਅਲ ਹਸਪਤਾਲ਼ ਮਨਸੂਰਾਂ ਵਿਖੇ ਸੰਗਤ ਤੇ ਬਾਬਾ ਸਰਬਜੋਤ ਸਿੰਘ ਜੀ
ਮੁਖ ਮੰਤਰੀ ਜੀ ਦੇ ਸੁਆਗਤ ਵਿਚ।

---

# ਲੇਖ ਸੂਚੀ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | 1 |
| 2. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 3 |
| 3. | ਮੁਖ ਲੇਖ—ਗੁਰ ਦੀਖਿਆ | ਪੁਰਾਤਨ ਵਿਰਸਾ | 5 |
| 4. | ਰਾਜਾ ਜੋਗੀ | ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ | 10 |
| 5. | ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ | ਪੁਰਾਤਨ ਵਿਰਸਾ | 17 |
| 6. | ਅਹਿਵਾਲਿ ਫ਼ਰਜ਼ੰਦਾਨ ਵਾ ਖਾਨਦਾਨ ਵਾ ਗੁਰਦੁਆਰਿਆਨਿ ਬਾਬਾ ਗੁਰੂ ਨਾਨਕ | The Punjab Past & Present ਦੀ ਕਿਤਾਬ ਵਿਚੋਂ | 22 |
| 7. | Guru Nanak | Dr. Kurt F. Leidecker | 29 |
| 8. | ਕਲਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ | ਸਤਨਾਮ ਸਿੰਘ ਹੈਪੀ ਨਿਵਾਸ, ਪਟਿਆਲਾ | 33 |
| 9. | ਸੰਤਾਨਕ ਸਮਾਚਾਰ ਗੁਰਗੱਦੀ | | 38 |

੧ ਓ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ-ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 10] ਮਈ - ਜੂਨ - ਜੁਲਾਈ 1978 [ਅੰਕ 5,6,7.

# ਮਾਝ ਮਹਲਾ ਪ ਘਰ ੪

ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

# GUR BANSAWALI

**Sri Guru Nanak Dev Ji Maharaj**

(Founder of Sikh Panth)

Baba Sri Chand ji Udasi — Baba Lakhmi Chand ji

Baba Dharam Chand ji

Baba Manak Chand ji — Baba Mehar Chand ji

Baba Datar Chand ji — Baba Jagat Chand ji — Baba Hans Raj ji — Baba Anait Chand

B. Gurdit Chand ji — B. Pahar Chand Ji — B. Tara Chand ji — B. Fateh Chand ji — B. Udhai Chand

B. Harkaran Chand ji — B. Mansa Chand ji — B. Asa Chand ji — B. Suraj Singh ji

B. Nihal Chand ji — B. Harjas ji — B. Deep Chand ji — B. Sukhdev ji

Baba Kaladhari ji — Baba Lajadhari ji

B. Koir Singh ji — B. Dharam Singh ji — B. Ajit Singh ji — B. Sagar Chand ji — B. Avtar Chand

**Sri Hazur Baba Sahib Singh Ji Bedi**

Sri Baba Bishan Singh ji — Sri Baba Teg Singh ji — Sri Hazur Baba Bikrma Singh

Sri Baba Attar Singh ji

Sri Baba Khem Singh ji

Sri Hazur Baba Sujan Singh

Sri Hazur Baba Ram Kishan Singh

Sri Hazur Baba Devinder Singh

Sri Hazur Baba Madhusudan Singh
(Present Gaddi Nashin)

Tikka Sarabjot Singh ji

ਮਾਲਕ ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ
ਕਚਿਹਰੀ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ। 31—7—78

ਸੰਪਾਦਕੀ

# ਬਰਸੀ ਮਹਾਰਾਜਾ ਰਣਜੀਤ ਸਿੰਘ ਜੀ

(ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੀ ਕਲਮ ਤੋਂ)

ਮਹਾਰਾਜਾ ਰਣਜੀਤ ਸਿਘ ਪੰਥ ਦਾ ਮਹਾਰਾਜਾ ਹੋਇਆ ਹੈ। ਜਿਸ ਦਾ ਰਾਜ ਹਿੰਦੂ ਸਿਖ ਮੁਸਲਮਾਨਾਂ ਦੇ ਇਨਸਾਫ ਵਾਲਾ ਸੀ। ਕਦੇ ਕੋਈ ਵਧੀਕੀ ਕਿਸੇ ਨਾਲ ਨਹੀਂ ਸੀ ਕਰਦਾ, ਗਰੀਬਾਂ ਤੇ ਅਨਾਥਾਂ ਦੀ ਸਹਾਇਤਾ ਲਈ ਤੱਤਪਰ ਰਹਿੰਦਾ ਸੀ। ਇਕ ਸਾਖੀ ਮਸ਼ਹੂਰ ਹੈ— ਇਕ ਬੁੱਢੀ ਮਾਤਾ ਅਤੀ ਗਰੀਬ ਲੋਹੇ ਦਾ ਤਵਾ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਆਈ। ਮਹਾਰਾਜਾ ਰਣਜੀਤ ਸਿੰਘ ਨੇ ਪੁਛਿਆ ਕਿ ਮਾਂ ਤੂੰ ਕਿਵੇਂ ਆਈ ਹੈਂ ? ਆਖਣ ਲਗੀ ਜੋ ਮੈਂ ਸੁਣਿਆ ਹੈ ਕਿ ਆਪ ਪਾਰਸ ਨਿਆਈਂ ਹੋ। ਪਾਰਸ ਨਾਲ ਲੋਹਾ ਛੂਹ ਜਾਵੇ ਤਾਂ ਸੋਨਾ ਬਣ ਜਾਂਦਾ ਹੈ। ਮੈਂ ਗਰੀਬਣੀ ਦਾ ਕੋਈ ਸਹਾਰਾ ਨਹੀਂ। ਇਕੋ ਤਵਾ ਚੁਕ ਲਿਆਈ ਹਾਂ। ਸੋਚਿਆ ਕਿ ਇਸ ਤਵੇ ਨੂੰ ਆਪਣੇ ਮਹਾਰਾਜ ਨਾਲ ਛੁਆਵਾਂਗੀ ਤੇ ਮੇਰਾ ਤਵਾ ਸੋਨੇ ਦਾ ਬਣ ਜਾਵੇਗਾ। ਮਹਾਰਾਜ ਕਰੋਧਵਾਨ ਨਹੀਂ ਹੋਏ, ਗੁਸਾ ਨਹੀਂ ਕੀਤਾ। ਸਗੋਂ ਆਪਣੇ ਵਜ਼ੀਰ ਨੂੰ ਹੁਕਮ ਕੀਤਾ ਕਿ ਇਸ ਤਵੇ ਦੇ ਬਰਾਬਰ ਤੋਲ ਕੇ ਸੋਨਾ ਬੁੱਢੀ ਮਾਈ ਨੂੰ ਦੇ ਦਿਉ। ਤੇ ਤਵਾ ਤੋਸ਼ੇ ਖਾਨੇ ਵਿਚ ਰਖ ਦਿਉ।

ਇਸ ਢੰਗ ਨਾਲ ਗਰੀਬਾਂ ਦੀ ਪ੍ਰਸੰਨਤਾ ਲੈਂਦਾ ਸੀ। ਧਰਮ ਦੇ ਕਾਰਜਾਂ ਲਈ ਵੀ ਤਿਆਰ ਪਰ ਤਿਆਰ ਰਹਿੰਦਾ ਸੀ। ਗੁ: ਨਨਕਾਣਾ ਸਾਹਿਬ ਦੇ ਨਾਲ ਕੋਈ ਜਮੀਨ ਨਹੀਂ ਸੀ ਹੁੰਦੀ। ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦਿਹਾੜੇ ਤੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੂੰ ਨਾਲ ਲੈ ਕੇ ਨਨਕਾਣਾ ਸਾਹਿਬ ਦੀ ਯਾਤਰਾ ਲਈ ਗਿਆ। ਜਦ ਯਾਤਰਾ ਕੀਤੀ ਦਰਬਾਰ ਦੀ ਤਦ ਸ੍ਰੀ ਹਜ਼ੂਰ ਨੇ ਮਹਾਰਾਜ ਨੂੰ ਆਖਿਆ—ਸਮਾਧੀਆਂ ਕਬਰ ਸਥਾਨਾਂ ਦੇ ਨਾਂ ਤਾਂ ਤੂੰ ਜ਼ਮੀਨ ਲਾ ਦਿਤੀ ਤੇ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ ਦੇ ਨਾਂ ਤਾਂ ਚੱਪਾ ਜਮੀਨ ਵੀ ਨਹੀਂ ਹੈ। ਜਦ ਤੂੰ ਅਨੇਕਾਂ ਮੰਦਰ ਕਬਰਾਂ ਦੇ ਨਾਂ ਜਗੀਰਾਂ ਲਾਈਆਂ ਹਨ ਤਾਂ ਆਪਣੇ ਪਿਤਾ ਪੂਜ ਦੇ ਨਾਂ ਕਿਉਂ ਭੁਲ ਗਿਆ ਹੈਂ। ਮਹਾਰਾਜ ਨੇ ਉਤਰ ਦਿਤਾ ਕਿ ਸ੍ਰੀ ਹਜ਼ੂਰ ਆਪ ਅੰਮ੍ਰਿਤ ਵੇਲੇ ਤੋਂ ਘੋੜੇ ਤੇ ਸਵਾਰ ਹੋ ਕੇ ਸੂਰਜ ਗਰੂਬ ਹੁੰਦਿਆ ਤਕ ਜਿਤਨੀ ਜਗਾ ਵਿਚ ਆਪ ਦਾ ਘੋੜਾ ਫਿਰੇਗਾ ਉਹ ਸਾਰੀ ਜਮੀਨ ਮਹਾਰਾਜ ਦੇ ਜਨਮ ਅਸਥਾਨ ਦੇ ਨਾਂ ਲਾ ਦਿਤੀ ਜਾਵੇਗੀ। ਸ੍ਰੀ ਹਜ਼ੂਰ ਨੇ ਇਸੇ ਤਰ੍ਹਾਂ ਕੀਤਾ ਜੋ ਅਜ ਤਕ ਉਹ ਜਮੀਨ ਜਨਮ ਅਸਥਾਨ ਦੇ ਕਬਜ਼ੇ ਵਿਚ ਹੈ।

ਮਹਾਰਾਜ ਨੇ ਪ੍ਰਵਾਹ ਨਾ ਕੀਤੀ ਸਚਖੰਡ ਹਜ਼ੂਰ ਸਾਹਿਬ ਪੁਜ ਕੇ ਅਸਥਾਨ ਦੀ ਸੇਵਾ ਕਰਾਈ ਜੋ ਇਸ ਵੇਲੇ ਮੰਦਰ ਖੜਾ ਹੈ, ਉਹ ਮਹਾਰਾਜਾ ਰਣਜੀਤ ਸਿੰਘ ਦਾ ਨਿਸ਼ਾਨ ਹੈ। ਚਾਹੇ ਮਹਾਰਾਜ ਨੂੰ ਪਤਾ ਸੀ ਕਿ ਮਹਾਰਾਜ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਹੁਕਮ

ਦਿਤਾ ਹੋਇਆ ਹੈ ਕਿ ਜੋ ਮੇਰੇ ਅਸਥਾਨ ਦੀ ਸੇਵਾ ਕਰਵਾਏਗਾ ਉਸ ਦੀ ਕੁਲ ਦਾ ਨਾਸ਼ ਹੋ ਜਾਵੇਗਾ। ਮਹਾਰਾਜ ਨੇ ਉਸ ਦੇ ਉਤਰ ਵਿਚ ਇਕੋ ਗੱਲ ਆਖੀ ਕਿ ਉਸ ਦੀ ਕੁਲ ਦਾ ਚਾਹੇ ਨਾਸ਼ ਹੋ ਜਾਵੇ। ਪ੍ਰੰਤੂ ਕਲਗੀਆਂ ਵਾਲੇ ਪਾਤਸ਼ਾਹ ਦਾ ਮੰਦਰ ਉਚਾ ਔਰ ਸੁਚਾ ਹੀ ਬਣਵਾਵਾਂਗਾ। ਪੰਥ ਨੂੰ ਸਦਾ ਹੀ ਖੁਸ਼ ਰਖਿਆ, ਪੰਥ ਦੇ ਆਗੂਆਂ ਤੇ ਸੰਗਤ ਦਾ ਹੁਕਮ ਸਿਰ ਮੱਥੇ ਤੇ ਮੰਨਿਆ। ਜੇ ਕਰ ਪੰਥ ਨੇ ਉਸ ਨੂੰ ਕੋੜੇ ਮਾਰਨ ਦੀ ਸਜਾ ਦਿਤੀ ਤਾਂ ਪੰਥ ਅਗੇ ਸਿਰ ਨਹੀਂ ਚਕਿਆ, ਤੇ ਕੋੜੇ ਖਾਧੇ।

ਗੁਰੂ ਅੰਸਾਂ ਨਾਲ ਆਪ ਦਾ ਅਤੀ ਪਿਆਰ ਜ਼ਾਹਰ ਹੁੰਦਾ ਹੈ। ਕਦੇ ਗੁਰ ਬਿਲਾਸ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਪੁਸਤਕ ਰਾਜਾ ਜੋਗੀ ਜਾਂ ਪੁਸਤਕ ਬੀਰ ਮ੍ਰਿਗੇਸ਼ ਪੜੀਏ ਤਾਂ ਜ਼ਾਹਰ ਹੁੰਦਾ ਹੈ। ਜੋ ਆਪ ਦਾ ਪਿਆਰ ਸਤਿਕਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਪਾਤਸ਼ਾਹ ਦੇ ਨਾਲ ਗੂੜਾ ਮਰਦੇ ਦਮ ਤਕ ਚਲਦਾ ਰਿਹਾ। ਬਾਬਿਆਂ ਨੇ ਸਾਥ ਛੇ ਸਾਲ ਦੇ ਬੱਚੇ ਨੂੰ ਆਪਣਾ ਰਣਜੀਤ ਕਹਿ ਕੇ ਪਾਲਿਆ। ਜੇ ਕਿਸੇ ਮਿਸਲਾਂ ਦੇ ਸਰਦਾਰ ਨੇ ਸਿਰ ਚਕਿਆ ਤਾਂ ਆਪਣੇ ਗਲ ਨਾਲ ਲਾ ਲਿਆ ਤੇ ਆਖਿਆ ਇਹ ਤੇ ਮੇਰਾ ਸ਼ੇਰੇ ਪੰਜਾਬ ਬਣੇਗਾ। ਮੁਗਲਾਂ ਦਾ ਨਾਸ਼ ਕਰੇਗਾ। ਮਾਤਰ ਭੂਮੀ ਨੂੰ ਅਜਾਦ ਕਰੇਗਾ। ਬਾਬਾ ਸਾਹਿਬ ਸਿੰਘ ਦੇ ਪ੍ਰਤਾਪ ਨਾਲ ਪੰਜਾਬ ਦੀ ਕੁਲ ਦੁਨੀਆਂ ਮਹਾਰਾਜ ਦੀ ਈਨ ਮੰਨਦੀ ਚਲੀ ਗਈ। ਔਰ ਸਿਖ ਰਾਜ ਦੀਆਂ ਹੱਦਾਂ ਕਾਬਲ ਕੰਧਾਰ ਤੋਂ ਲੈ ਕੇ ਸਤਲੁਜ ਦਰਿਆ ਤੇ ਜਮਨਾ ਤਕ, ਕਸ਼ਮੀਰ ਦਾ ਸਾਰਾ ਇਲਾਕਾ। ਇਸ ਇਲਾਕੇ ਦਾ ਮਹਾਰਾਜਾ ਰਣਜੀਤ ਸਿੰਘ ਨੂੰ 13-4-1801 ਨੂੰ ਬੜਾ ਵੱਡਾ ਇਕੱਠ ਲਾਹੌਰ ਵਿਖੇ ਕਰਕੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਆਪਣੇ ਹਸਤ ਕਮਲਾਂ ਦੇ ਨਾਲ ਰਾਜ ਤਿਲਕ ਦੇ ਕੇ ਤਖਤੋ ਤਾਜ ਦਾ ਮਾਲਕ ਬਣਾਇਆ। ਸਤਿਕਾਰ ਵਜੋਂ ਸ੍ਰੀ ਹਜ਼ੂਰ ਬਾਬਾ ਸ਼ਾਹਿਬ ਸਿੰਘ ਜੀ ਨੂੰ ਜਦ ਵੀ ਕੋਈ ਪਟਾ ਮਹਾਰਾਜਾ ਰਣਜੀਤ ਸਿੰਘ ਲਿਖਦਾ ਸੀ ਤਾਂ ਸ਼ਬਦ ਵਰਤਦਾ ਸੀ। (ਤਰਨ ਤਾਰਨ ਹਰ ਦੋ ਜਹਾਨ ਬਾਬਾ ਸਾਹਿਬ ਸਿੰਘ ਜੀ ਬੇਦੀ) ਸ: ਕਪੂਰ ਸਿੰਘ ਆਈ. ਸੀ. ਐਸ. ਜੀ ਨੇ ਫਰਮਾਇਆ ਸੀ, ਜੇ ਕਦੇ ਬਾਬਾ ਸਾਹਿਬ ਸਿੰਘ ਪਾਤਸ਼ਾਹ ਦਾ ਹੱਥ ਮਹਾਰਾਜਾ ਰਣਜੀਤ ਸਿੰਘ ਦੇ ਸਿਰ ਤੇ ਨਾ ਹੁੰਦਾ ਤਾਂ ਮਹਾਰਾਜਾ ਰਣਜੀਤ ਸਿੰਘ ਕਦੇ ਵੀ ਇਸ ਰੁਤਬੇ ਤੇ ਨਾ ਪਹੁੰਚ ਸਕਦਾ ਤੇ ਜੇਕਰ ਅੰਤਮ ਸਮੇਂ ਆਖੇ ਲਗਦਾ ਤਾਂ ਅਜ ਸਾਰੇ ਭਾਰਤ ਤੇ ਸਿਖ ਰਾਜ ਕੈਮ ਹੁੰਦਾ।

ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਤਰਾਂ ਲਿਖ ਕੇ ਭੇਜਿਆ ਕਿ ਬਾਬਾ ਸਾਹਿਬ ਸਿੰਘ ਜੀ ਸਿਖ ਇਤਿਹਾਸ ਵਿਚ ਚਮਕਦੇ ਸਿਤਾਰੇ ਸਨ ਸਿਖ ਕੌਮ ਨੂੰ ਚੜਦੀਆਂ ਕਲਾਂ ਵਿਚ ਲੈ ਗਏ, ਜਿਸ ਦੇ ਵਿਚ ਆਪ ਦਾ ਬਹੁਤ ਵਡਾ ਹੱਥ ਸੀ। ਮਹਾਰਾਜਾ ਰਣਜੋਤ ਸਿੰਘ ਕਦੇ ਵੀ ਏਨੀ ਉਚੀ ਪਦਵੀ ਤੇ ਨਾ ਪੁਜ ਸਕਦਾ ਜੇਕਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਉਸ ਦੀ ਹਰ ਵਕਤ ਅਗਵਾਈ ਨਾ ਕਰਦੇ। ਆਪਣੀ ਨੇਕ ਰਾਇ ਦੇ ਕੇ ਸਿਧੇ ਰਸਤੇ ਨਾ ਪਾਉਂਦੇ। ਇਹੀ ਕਾਰਨ ਸੀ ਹਿੰਦੋਸਤਾਨ ਦੀ ਹਿਸਟਰੀ ਵਿਚ ਉਸ ਹਨੇਰੀ ਦੇ ਸਮੇਂ ਮਹਾਰਾਜਾ ਇਕ ਚਮਕਦਾ ਸਿਤਾਰਾ ਬਣਿਆ।

ਅਜ ਸਾਰੇ ਗੁਰਸਿਖਾਂ ਦੀ ਇਛਿਆ ਹੈ ਕਿ ਗੁਰਸਿਖਾਂ ਦਾ ਰਾਜ ਕਾਇਮ ਹੋਵੇ, ਅਰ ਉਹ ਰਾਜ ਮੁੜ ਮਹਾਰਾਜਾ ਰਣਜੀਤ ਸਿੰਘ ਦੀ ਪੱਦਵੀ ਤਕ ਪਹੁੰਚ ਸਕੇ। ਮਹਾਰਾਜਾ ਰਣਜੀਤ ਸਿੰਘ ਦੀ ਨੀਂਹ ਧਰਮ ਦੇ ਅਧਾਰ ਤੇ ਬੜੀ ਮਜ਼ਬੂਤ ਸੀ ਤੇ ਗੁਰੂ ਅੰਸ ਬਾਬਾ ਸਾਹਿਬ ਸਿੰਘ ਜੀ ਉਸ ਨੂੰ ਹੋਰ ਮਜ਼ਬੂਤ ਕਰਦੇ ਚਲਦੇ ਗਏ। ਮਹਾਰਾਜਾ ਬਾਬਾ ਸਾਹਿਬ ਸਿੰਘ ਜੀ ਨਿਸ਼ਕਾਮ ਸੇਵਾਦਾਰ ਸਨ। ਮਾਤਰਭੂਮੀ ਤੇ ਕੌਮ ਦੀ ਸੇਵਾ ਕਰਨੀ ਆਪਣਾ ਧਰਮ ਸਮਝਦੇ ਸਨ। ਉਹਨਾਂ ਨੂੰ ਆਪਣੇ ਲਈ ਕਈ ਔਹਦਿਆਂ ਦੀ, ਕੋਈ ਧੰਨ ਦੀ, ਕੋਈ ਰੁਤਬੇ ਦੀ ਇਛਾ ਨਹੀਂ ਸੀ। ਇਸ ਲਈ ਜਦ ਤਕ ਅਸੀਂ ਆਪਣੀਆਂ ਨੀਹਾਂ ਨੂੰ ਧਰਮ ਦੇ ਅਧਾਰ ਤੇ ਮਜ਼ਬੂਤ ਨਹੀਂ ਕਰਦੇ ਸਾਰਾ ਇਕ ਰਸਤਾ ਨਹੀਂ ਬਣਦਾ, ਉਤਨਾ ਚਿਰ ਕੋਈ ਪ੍ਰਾਪਤੀ ਨਹੀਂ ਹੋ ਸਕਦੀ ਦਾਸ ਦੀ ਤਾਂ ਤੀਬਰ ਇਛਿਆ ਹੈ ਕਿ ਸਾਡਾ ਪੰਥ ਚੜ੍ਹਦੀਆਂ ਕਲਾਂ ਵਿਚ ਰਹੇ ਅਰ ਦਾਸ ਦੇ ਸਵਾਸ ਇਸ ਸੇਵਾ ਵਿਚ ਹੀ ਨਿਭ ਜਾਣ। (ਸੰਪਾਦਕ)

ਮੁਖ ਲੇਖ—

# ਗੁਰ ਦੀਖਿਆ

ਬੋਲਹੁ ਭਾਈ ਜੀ ਵਾਹਿਗੁਰੂ ਸਾਖੀ ਚਲੀ ॥

ਦੂਜੇ ਦਿਨ ਫਿਰ ਅਵਸਰ ਪਾਇ ਕਰ ਸਾਹਿਬ ਜੀ ਦੇ ਹਜ਼ੂਰ ਅਰਜ਼ ਕਰਕੇ ਪ੍ਰਸ਼ਨ ਕੀਤਾ, ਗਰੀਬ ਨਿਵਾਜ਼ ਜੀ ਕਈ ਲੋਕ ਸੋਹੰ ਦਾ ਜਾਪ ਕਰਦੇ ਹੈਨ ਤੇ ਅਪਣੇ ਆਪ ਹੀ ਬ੍ਰਹਮ ਬਣੀ ਬੈਠੇ ਹੈਨ। ਏਹ ਕੀਕੁਰ ਹੈ ॥

ਤਾਂ ਸਾਹਿਬ ਜੀ ਨੇ ਉਤਰ ਦਿਤਾ ਜਿਨਾਂ ਬਚਨਾਂ ਵਿਚ ਤੱਤ (ਬ੍ਰਹਮ) ਅਤੇ (ਤਵੰ ਜੀਵ) ਪਦ ਦਾ ਸੋਧਨ (ਨਿਰਨੈ) ਹੋਵੇ ਉਹ ਬਚਨ ਬ੍ਰਹਮ ਵਿਦਿਆ ਅਰਥਾਤ ਆਤਮ ਵਿਦਿਆ ਕਹਾਂ-ਉਂਦੀ ਹੈ। ਸੋ ਇਸੀ ਵਿਦਿਆ ਦਾ ਨਾਉਂ ਵੇਦਾਂਤ ਸ਼ਾਸਤ੍ਰ ਹੈ। ਤੇ ਇਸ ਵੇਦਾਂਤ ਸ਼ਾਸਤ੍ਰ ਦੇ ਦੋ ਪੱਖ ਹੈਨ। ਇਕ ਦਾ ਨਾਉਂ ਵਿਧੀ ਪੱਖ ਅਤੇ ਦੂਜੇ ਦਾ ਨਾਉਂ ਨਿਖੇਧੀ ਪੱਖ ਹੈ। ਦਸ ਪਾਤਸ਼ਾਹੀ ਸ੍ਰੀ ਗੁਰੂ ਜੀ ਦਾ ਮਤ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਰਨਿਨ ਹੈ ਵਿਧੀ ਪੱਖ ਪਰ ਹੈ। ਅਤੇ ਗੁਰੂ ਮਤ ਵਿਚ ਨਿਖੇਧੀ ਪੱਖ ਦਾ ਤਿਆਗ ਹੈ। ਸੋ ਗੁਰੂਮਤ ਦੇ ਵਿਧੀ ਪੱਖ ਦੇ ਸਿਧ ਕਰਨ ਵਾਲਾ ਗੁਰ ਮੰਤ੍ਰ ਸਤਿਨਾਮ ਹੈ ਅਤੇ ਨਿਖੇਧੀ ਪੱਖ ਦੇ ਸਿੱਧ ਕਰਨ ਵਾਲਾ ਮੰਤ੍ਰ ਸੋਹੰ ਹੈ ਸੋ ਇਨਾਂ ਦੋਹਾਂ ਪੱਖਾਂ ਦੇ ਸਰੂਪ ਅਤੇ ਭੇਦ ਦਾ ਨਿਰਨਾ ਇਉਂ ਹੈ। ਧਿਆਤਾ, ਧਿਆਨ, ਧੇਯ ਅਤੇ ਗਿਆਤਾ ਗਿਆਨ, ਗੇਯ ਇਤਿਆਦਿਕ ਜੋ ਤ੍ਰਿਪੁਟੀਆਂ ਹੈਨ ਇਨਾਂ ਦੇ ਯਥਾ ਵਤ ਸਰੂਪ ਦਾ ਗਿਆਨ ਹੋਨ ਤਕ ਵੇਦਾਂਤ ਦਾ ਇਕੋ ਮਤ ਚਲਿਆ ਆਉਂਦਾ ਹੈ। ਸੋ ਇਨਾਂ ਤ੍ਰਿਪੁਟੀਆਂ ਦਾ ਯਥਾਵਤ ਗਿਆਨ ਏਹ ਹੈ ਕਿ ਧਿਆਤਾ ਅਥਵਾ ਗਿਆਤਾ ਉਸ ਆਤਮਾ ਦਾ ਨਾਉਂ ਹੈ ਜੋ ਸਮਸ਼ਟੀ ਪਰਮ ਬ੍ਰਹਮ ਸਤਿਚਿਤ ਅਨੰਦ ਦੀ ਵਿਅਸ਼ਟੀ ਅੰਸ ਜੀਵ ਜੋ ਤੁਛ ਅਲਪੱਗ ਬੂੰਦਬਤ ਹੈ ਆਪਣੇ ਸਮਸ਼ਟੀ ਅੰਸ਼ੀ ਰੂਪ ਦੇ ਧਿਆਉਣ ਵਾਲਾ ਅਥਵਾ ਜਾਣਨ ਵਾਲਾ ਹੈ। ਅਤੇ ਧਿਆਨ ਤਥਾ ਗਿਆਨ ਜੋ ਤ੍ਰਿਪੁਟੀ ਦੇ ਵਿਚਾਲੇ ਦੇ ਪਦ

ਹੈਨ ਏਹ ਬ੍ਰਿਤੀਆਂ ਹੈਨ। ਜਿਨਾਂ ਦ੍ਵਾਰਾ ਧਿਆਨ ਅਤੇ ਗਿਆਨ ਹੋਂਦਾ ਹੈ। ਇਨਾਂ ਬ੍ਰਿਤੀਆਂ ਨੂੰ ਇਕਾਗਰ ਕਰਕੇ ਧਿਆਤਾਂ ਧੇਯ ਦੇ ਵਿਚ ਲਗਾਉਂਦਾ ਹੈ। ਤੇ ਧੇਯ ਅਥਵਾ ਗੇਯ ਨਾਉਂ ਹੈ ਸਤਿ, ਚਿਤ, ਆਨੰਦ ਪੂਰਣ ਬ੍ਰਹਮ ਪ੍ਰਮਾਤਮਾ ਸਮਸ਼ਟੀ ਸਰੂਪ ਸਰਬਗ ਸਮੁਦ੍ਰਵਤ ਜੋ ਧਿਆਉਣ ਜੋਗ ਹੈ ਉਹ ਅਕਾਲ ਪੁਰਖ ਦਾ ॥

ਸੋ ਜਦ ਇਸ ਤ੍ਰਿਪੁਟੀ ਦਾ ਸਰੂਪ ਯਥਾਵਤ ਜਾਣਕੇ ਮੰਨਨ ਕਰ ਲਇਆ ਜਾਏ ਤਾਂ ਏਹ ਭੇਦ ਗਿਆਨ ਦੀ ਪ੍ਰਾਪਤੀ ਹੋਈ ਏਹ ਗਿਆਨ ਦੁਬਿਧਾ ਵਾਲਾ ਹੈ। ਉਹ ਜਾਣਦਾ ਹੈ ਕਿ ਧਿਆਤਾ ਗਿਆਤਾ ਅਤੇ ਧੇਯ, ਗੇਯ ਭਾਵੇਂ ਅਲਪਗਤਾ ਤੇ ਸਰਧਗਤਾ ਦੇ ਦੋਇ ਭਾਗ ਤਿਆਗ ਕੇ ਇਸ ਭਾਗ ਤਿਆਗ ਲਖਿਣਾ ਦ੍ਵਾਰਾ ਦੋਹਾਂ ਦਾ ਵਾਸਤਵ ਵ੍ਰਿਚ ਇਕੋ ਸਰੂਪ ਹੈ, ਪਰ ਅਸਲ ਵਿਚ ਜ਼ਦ ਤਕ ਜੀਵ ਵਿਚ ਅਲਪਗਤਾ ਦਾ ਤੇ ਬ੍ਰਹਮ ਵਿਚ ਸਰਬੱਗਤਾ ਦਾ ਅਭਿਮਾਣ ਗੁਣ ਹੈ ਤਦ ਤਕ ਦੋਵੇਂ ਭਿੰਨ ਭਿੰਨ ਹੈਨ ਦੁਬਿਧਾ ਵਿਚਾਲੇ ਫਸੀ ਪਈ ਹੈ। ਸੋ ਏਹ ਦੁਬਿਧਾ ਤਾਂ ਨਿਕਲਦੀ ਹੈ ਜਦ ਇਨਾਂ ਦੋਹਾਂ ਦੀ ਏਕਤਾ ਹੋਕੇ ਵਿਛੋੜਾ ਨਾ ਰਹੇ। ਜਦ ਇਨਾਂ ਦੋਹਾਂ ਦੀ ਏਕਤਾ ਹੋ ਜਾਏ ਦੂਜਾ ਭਾਉ ਵਿਚ ਨਾ ਰਹੇ ਤਾਂ ਇਸ ਨੂੰ ਅਭੇਦ ਗਿਆਨ ਦੀ ਪ੍ਰਾਪਤੀ ਕਹੀਦੀ ਹੈ ਸੋ ਧਿਆਤਾ ਅਤੇ ਗਿਆਤਾ ਜੋ ਜੀਵ ਜੀਵ ਆਤਮਾ ਹੈ, ਤਥਾ ਧੇਯ ਅਤੇ ਗੇਯ ਬ੍ਰਹਮ ਪਰਮਾਤਮਾ ਹੈ, ਇਨਾਂ ਦੋਹਾਂ ਦਾ ਮਿਲਾਪ ਇਸ ਪ੍ਰਕਾਰ ਹੋਂਦਾ ਹੈ ਕਿ ਯਾ ਤਾਂ ਜੀਵ ਆਤਮਾ ਆਪਣੀ ਅਲਪੱਗਤਾ ਦੇ ਅਭਿਮਾਨ ਗੁਣ ਨੂੰ ਤਿਆਗ ਕੇ ਬ੍ਰਹਮ ਪਰਮਾਤਮਾ ਸਰਬਗ ਦੇ ਵਿਚ ਸਮਿਜ ਅਰਥਾਤ ਲੀਨ ਹੋ ਜਾਏ। ਅਥਵਾ ਵਿਰੁਧ ਇਸਦੇ ਬ੍ਰਹਮ ਪਰਮਾਤਮਾ ਅਪਣਾ ਸ੍ਰਬਗਤਾ ਦੇ ਗੁਣ ਦਾ ਅਭਿਮਾਨ ਤਿਆਗ ਕਰ ਕੇ ਜੀਵ ਆਤਮਾ ਅਲਪੱਗ ਦੇ ਵਿਚ ਆਕੇ ਸਮਿਜ ਜਾਇ।

ਅਰਥਾਤ ਦੋਹਾਂ ਪਦਾਰਥਾਂ ਵਿਚੋਂ ਇਕ ਦਾ ਅਭਾਵ ਹੋਕੇ ਸ਼ੇਸ਼ ਇਕੋ ਹੀ ਪਦਾਰਥ ਰਹੇ॥ ਤਾਂ ਏਕਤਾ ਸਿਧ ਹੋ ਕਰ ਅਭੇਦ ਗਿਆਨ ਦੀ ਪ੍ਰਾਪਤੀ ਹੋਵੇ। ਸੋ ਇਸ ਵੇਲੇ ਵੇਦਾਂਤ ਦੇ ਦੋਨੋਂ ਪੱਖ ਜੁਦਾ ਜੁਦਾ ਹੋ ਜਾਂਦੇ ਹੈਨ। ਅਰਥਾਤ ਇਕ ਪੱਖ ਵਿਚ ਜੀਵ ਆਤਮਾ ਦਾ ਅਭਾਵ ਹੋ ਕਰ ਬ੍ਰਹਮ ਪਰਮਾਤਮਾ ਦਾ ਵਿਧਾਨ ਹੋਂਦਾ ਹੈ। ਤੇ ਦੂਜੇ ਵਿਚ ਬ੍ਰਹਮ ਪਰਮਾਤਮਾ ਦਾ ਨਿਖੇਧ (ਅਭਾਵ) ਹੋਕਰ ਜੀਵ ਦਾ ਵਿਧਾਨ ਹੋਂਦਾ ਹੈ ਅਲਪੱਗ ਜੀਵ ਨੂੰ ਹੀ ਸਰਬੱਗ ਬਰਹਮ ਮੰਨਣਾ ਪੈਂਦਾ ਹੈ। ਬੂੰਦ ਵਿਚ ਸਮੁੰਦਰ ਦੇ ਸਮਾਉਣ ਵਾਲੀ ਗੱਲ ਆ ਬਣਦੀ ਹੈ। ਸੋ ਜਿਸ ਵਿਚ ਬ੍ਰਹਮ ਦਾ ਵਿਧਾਨ ਹੋਵੇ ਉਹ ਵਿਧੀ ਪੱਖ ਕਹਾਉਂਦਾ ਹੈ ਅਤੇ ਜਿਸ ਪੱਖ ਵਿਚ ਬ੍ਰਹਮ ਦਾ ਨਿਖੇਧ ਹੈ ਉਹ ਨਿਖੇਧੀ ਪੱਖ ਕਹਾਉਂਦਾ ਹੈ॥

ਸੋ ਸਤਿਨਾਮ ਸ਼ਬਦ ਜੋ ਹੈ ਏਹ ਪਰਮ ਬ੍ਰਹਮ ਸਤਿ ਚਿਤ ਆਨੰਦ ਸ੍ਰਬੱਗ ਦਾ ਵਿਧਾਨ ਕਰਕੇ ਆਪਣੇ ਆਪਦਾ (ਚਾਹੇ ਅਪਣੇ ਆਪ ਨੂੰ ਦੇਹ ਮੰਨਿਆ ਹੈ ਅਥਵਾ ਜੀਵ ਮੰਨਦਾ ਹੈ ਅਥਵਾ ਕਿਸੀ ਅਵਸਥਾ ਵਿਚ ਭੀ ਕਿਸੀ ਪ੍ਰਕਾਰ ਦਾ ਅਭਿਮਾਨੀ ਹੈ) ਨਾ ਮੈਂ ਅਰਥਾਤ ਨਹੀਂ ਮੈਂ ਨਹੀਂ ਮੈਂ ਕਰਕੇ ਸਰਬ ਪ੍ਰਕਾਰ ਦੇ ਅਭਿਮਾਨ ਦਾ ਨਿਖੇਧ ਕਰਾਕੇ ਵਿਧੀ ਪੱਖ ਸਿੱਧ ਕਰਾਕੇ ਨਿਸਚੇ ਕਰਾਉਂਦਾ ਹੈ।

ਅਤੇ ਸੋਹੰ ਸ਼ਬਦ ਜੋ ਹੈ ਸੋ ਬ੍ਰਹਮ ਸਰਬੱਗ ਦਾ ਨਿਖੇਧ ਕਰਾਕੇ ਅਲਪੱਗ ਜੀਵ ਨੂੰ ਹੀ ਸ਼ੇਸ਼ ਰਖਕੇ ਇਸੀ ਵਿਚ ਬ੍ਰਹਮ ਨੂੰ ਲਿਆ ਅਰੋਪਦਾ ਹੈ। ਅਰਥਾਤ ਅਲਪੱਗ ਜੀਵ ਨੂੰ ਹੀ ਸਰਬੱਗ ਬ੍ਰਹਮ ਮੰਨਿਨ ਲਗਦਾ ਹੈ॥ ਜੀਕੁਰ ਇਕ ਪਿੰਡ ਦਾ ਨੰਬਰਦਾਰ ਅਪਣੀ ਹਾਕਮੀ ਦੀ ਅੰਸ ਨੂੰ ਗ੍ਰਹਣ ਕਰਕੇ ਏਹ ਕਹੇ ਕਿ ਮੈਂ ਹੀ ਸ਼ਹਿਨਸ਼ਾਹ (ਮਹਾਰਾਜਾ) ਹਾਂ ਹੋਰ ਸ਼ਹਿਨਸ਼ਾਹ ਕੋਈ ਨਹੀਂ, ਸਾਰੀ ਸ਼ਹਿਨਸ਼ਾਹੀ ਵਿਚ ਮੇਰਾ ਹੀ ਹੁਕਮ ਹੈ, ਇਸ ਪ੍ਰਕਾਰ ਨਿਖੇਧੀ ਪੱਖ ਨੂੰ ਸਿੱਧ ਕਰਕੇ ਨਿਸ਼ਚੇ ਕਰਾਂਉਂਦਾ ਹੈ॥ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਜਿਥੇ ਰੋਗੀਆਂ ਨੂੰ ਰੋਗ ਦੀ ਵੰਡ ਦਿਤੀ ਲਿਖੀ ਹੈ, ਉਥੇ ਏਹ ਬਚਨ ਹੈ॥

ਹਉਮੈ ਰੋਗ ਮਾਨੁਖ ਕਉ ਦੀਨਾ॥

ਸੋ ਇਸ ਹਉਮੈਂ ਦੇ ਰੋਗ ਕਟਣ ਵਾਲਾ ਮੰਤ੍ਰ ਸਤਿਨਾਮ ਸ਼ਬਦ ਹੈ। ਅਤੇ ਇਸ ਰੋਗ ਦੇ ਵਧਾਵਣੇ ਵਾਲਾ ਸੋਹੰ ਸ਼ਬਦ ਹੈ॥

ਵਿਧੀ ਪੱਖ ਵਾਲੇ ਗਿਆਨੀ ਦਾ ਨਿਸਚਾ ਏਹ ਹੈ ਮੈਂ ਕੁਛ ਨਹੀਂ ਸਰਬ ਬ੍ਰਹਮ ਸਤਿਚਿਤ ਅਨੰਦ ਸਰੂਪ ਹੀ ਹੈ। ਅਰਥਾਤ ਸਰਬ ਓਹੀ ਹੈ। ਜੀਕੁਰ—ਹਮੈਂ ਓਸਤ— ਏਹਮਤ ਗੁਰੂ ਜੀ ਦਾ ਹੈ।

ਅਤੇ ਨਿਖੇਧੀ ਪੱਖ ਵਾਲੇ ਦਾ ਕਥਨ ਹੈ—ਮੈਂ ਬ੍ਰਹਮ ਹਾਂ ਅਰਥਾਤ ਸਰਬ ਮੈਂ ਹਾਂ ਮੇਰੇ ਬਿਨਾ ਹੋਰ ਕੁਛ ਨਹੀਂ ਜੀਕੁਰ—ਹਮੈ ਮਾਸਤ,—ਨਿਖੇਧੀ ਪੱਖ ਭਾਂਵੇਂ ਤੁਛ ਅਲਪੱਗ ਜੀਵ ਨੂੰ ਜੋ ਇਕ ਦੇਹ ਅਰਥਾਤ ਪਿੰਡ ਦਾ ਆਧਾਰ ਰੂਪ ਹੈ, ਤੁਰਤ ਹੀ ਅਨੇਕ ਬ੍ਰਹਮੰਡਾਂ ਦਾ ਅਧਾਰ ਸਮਝਨ ਅਥਵਾ ਕੈਹਨ ਦੀ ਦਿਲੇਰੀ ਦੇਂਦਾ ਹੈ। ਸੋ ਏਹ ਦਿਲੇਰੀ ਭਾਂਵੇਂ ਕਿਸ ਤਰਾਂ ਦੀ ਹੈ ਪਰ ਇਸ ਨਿਖੇਧੀ ਪੱਖ ਦਾ ਮਾਰਗ ਵਡਾ ਦੁਰਗੰਮ (ਅਉਖਾ) ਤੇ ਡਰਾਵਣਾ ਹੈ। ਇਸ ਵਿਚ ਬਹੁਤ ਅਉਖੜਾਂ ਹੈਨ, ਜਿਨਾਂ ਤੋਂ ਬਚ ਕੇ ਲੰਘਣਾ ਅਜ ਕਲ ਦੇ ਪਾਮਰ ਜੀਵਾਂ ਦਾ ਕੰਮ ਨਹੀਂ। ਕੋਈ ਵਿਰਲਾ ਹੀ ਸੂਰਮਾ ਭਾਵੇਂ ਪਾਰ ਹੋਵੇ॥

(1) ਪ੍ਰਿਥਮੇ ਤਾਂ ਇਸ ਨਿਖੇਧੀ ਪੱਖ ਦੇ ਮਤ ਵਿਚੋਂ ਨਾਸਤਕ ਪੁਣੇ ਦੀ ਬਦਬੋਈ ਆਉਂਦੀ ਹੈ। ਕਾਰਣ ਏਹ ਕਿ ਜਿਸ ਮਤ ਵਿਚ ਬ੍ਰਹਮ ਦੀ ਨਿਖੇਧੀ ਹੋਵੇ ਉਸੀ ਦਾ ਨਾਉਂ ਨਾਸਤਕ ਮਤ ਹੈ॥

ਵਿਧੀ ਪੱਖ ਵਿਚ ਇਸਦੇ ਉਲਟ ਹੈ ਕਾਰਣ ਏਹ ਕਿ ਇਸ ਪੱਖ ਵਾਲਾ ਜਦ ਕ ਅਪਣਾ ਆਪ ਕੁਛ ਸਮਝਦਾ ਹੈ, ਅਰਥਾਤ ਕਿਸੀ ਪ੍ਰਕਾਰ ਦਾ ਅਹੰਭਾਵ ਇਸਦੇ ਰਿਦੇ ਵਿਚ ਫੁਰਦਾ ਹੈ, ਤਦ ਤਕ ਅਪਣੇ ਆਪ ਨੂੰ ਸੇਵਕ ਤੇ ਬ੍ਰਹਮ ਨੂੰ ਸ੍ਵਾਮੀ ਜਾਣਦਾ ਹੈ। ਤੇ ਸ੍ਵਾਸ ਸ੍ਵਾਸ ਅਭਿਯਾਸ ਵਿਚੋਂ ਨਾ ਮੈਂ, ਨਾ, ਮੈਂ ਸਮਝਦਿਆਂ ਹੋਇਆਂ ਜਦ ਅਹੰਭਾਵ ਇਸਦਾ ਮਿਟ ਜਾਂਦਾ ਹੈ, ਤਾਂ ਸਰਬ ਬ੍ਰਹਮ ਹੀ ਬ੍ਰਹਮ ਜਾਣਨ ਅਤੇ ਦੇਖਣ ਲਗ ਪੈਂਦਾ ਹੈ।

(2) ਨਿਖੇਧੀ ਪੱਖ ਵਾਲਿਆਂ ਵਿਚੋਂ ਬਹੁਤੇ ਗਿਆਨ ਬਧ ਹੋਕੇ ਵਿਸ਼ੇ ਵਿਕਾਰਾਂ ਵਿਚ ਪ੍ਰਵਿਰਤ ਹੋ ਜਾਂਦੇ ਹੈਨ। ਤੇ ਅਹੰਕਾਰ ਦੀ ਮਾਨੋ ਪੰਡ ਹੀ ਬਣ ਜਾਂਦੇ ਹੈਨ॥

ਪਰ ਇਸਦੇ ਵਿਰੁਧ ਵਿਧੀ ਪੱਖ ਵਾਲਿਆਂ ਵਿਚ ਏਹ ਗੱਲ ਨਹੀਂ, ਵਿਖਿਆਂ ਥੋਂ ਬਚਣ

ਵਾਲਾ ਅਤੇ ਨਿਰਮਾਨਤਾ ਵਾਲਾ ਏਹ ਪੱਖ ਹੈ। ਜਿਉਂ ਜਿਉਂ ਅਭਿਆਸ ਕਰਦਿਆਂ ਇਸ ਪੱਖ ਵਾਲੇ ਦੀ ਅਵਸਥਾ ਚੜ੍ਹਦੀ ਜਾਂਦੀ ਹੈ ਤਿਉਂ ਤਿਉਂ ਇਸ ਦੀ ਨਿਰਮਾਨਤਾ ਭੀ ਵਧਦੀ ਜਾਂਦੀ ਹੈ। ਅਤੇ ਪਾਪ ਕਰਮਾਂ ਥੀਂ ਪਰੇ ਹੋਂਦਾ ਜਾਂਦਾ ਹੈ। ਯਥਾ ਗੁਰੂ ਗ੍ਰੰਥ ਜੀ ਦਾ ਬਚਨ ਹੈ।

ਬ੍ਰਹਮ ਗਿਆਨੀ ਕੈ ਨਾਹੀਂ ਅਭਿਮਾਨ ॥

ਹੋਰ—ਬ੍ਰਹਮ ਗਿਆਨੀ ਤੇ ਕਛ ਬੁਰਾ ਨ ਭਇਆ ॥

(3) ਨਿਖੇਧੀ ਪੱਖ ਵਾਲਿਆਂ ਦਾ ਜੋ ਗਿਆਨ ਹੈ ਏਹ ਸ਼ੁਸ਼ਕ ਗਿਆਨ ਹੈ। ਜਿਸ ਨੂੰ ਸ਼ਾਸਤ੍ਰਕਾਰਾਂ ਨੇ ਨਿੰਦ ਕੀਤਾ ਹੈ ਇਸ ਪੱਖ ਵਾਲੇ ਆਪ ਭੀ ਇਸ ਗੱਲ ਨੂੰ ਮੰਨਦੇ ਹੈਨ ਕਿ ਸੁਸ਼ਕ ਗਿਆਨ ਨਿੰਦ ਹੈ। ਭਗਤੀ ਸਹਿਤ ਗਿਆਨ ਹੋਣਾ ਚਾਹੀਏ। ਪਰ ਇਨਾਂ ਦੇ ਮਤ ਵਿਚ ਕੋਈ ਭੀ ਰੀਤੀ ਅਜੇਹੀ ਨਹੀਂ ਜਿਸ ਦੁਆਰਾ ਭਗਤੀ ਤੇ ਗਿਆਨ ਦਾ ਆਪਸ ਵਿਚ ਸਬੰਧ ਹੋ ਸਕੇ, ਅਤੇ ਭਗਤੀ ਸਹਿਤ ਗਿਆਨ ਦੀ ਪ੍ਰਾਪਤਿ ਹੋਵੇ। ਆਪਣੇ ਆਪ ਨੂੰ ਅਲਪੱਗ ਤੁਛ ਜੀਵ ਥੋਂ ਸਰਬੱਗ ਮਹਾਨ ਬ੍ਰਹਮ ਮੰਨ ਲੈਣਾ ਕਿਥੇ, ਅਤੇ ਨਿਰਮਾਨ ਹੋਣਾ ਕਿੱਥੇ। ਦੋਹਾਂ ਗੱਲਾਂ ਦਾ ਆਪਸ ਵਿਚ ਮੇਲ ਨਹੀਂ ਹੋ ਸਕਦਾ।

ਵਿਧੀ ਪੱਖ ਵਾਲਿਆਂ ਦਾ ਜੋ ਗਿਆਨ ਹੈ ਏਹ ਭਗਤੀ ਸਹਿਤ ਹੈ ਜੋ ਕਲਿਆਨ ਦਾਇਕ ਹੈ। ਕਿਉਂ ਜਿ ਸ਼ਬਦ ਰੂਪੀ ਰੇਤੀ ਦੇ ਅਭਿਆਸ ਰੂਪੀ ਰਗੜੇ ਨਾਲ ਜਿਤਨੀ ਤੇ ਜਿਸ ਪ੍ਰਕਾਰ ਦੀ 'ਮੈਂ' ਅਰਥਾਤ ਮਾਨ ਇਸਦੇ ਵਿਚ ਹੋਂਦਾ ਹੈ ਨਾ ਮੈਂ, ਨਾ ਮੈਂ, ਕਰਦਿਆਂ ਤੇ ਸਮਝਦਿਆਂ ਗੁਵਾਇਕੇ ਨਿਰਮਾਨ ਹੋ ਜਾਂਦਾ ਹੈ। ਅਪਣੇ ਆਪ ਨੂੰ ਤੁਛ ਅਲਪੱਗ ਜੀਵ ਸਮਝਣਾ ਏਹ ਭੀ ਮਾਨ ਹੈ ਚਾਹੇ ਅਪਣੇ ਆਪ ਨੂੰ ਤੁਛ ਹੀ ਗਿਣਦਾ ਮੰਨਦਾ ਹੈ ਪਰ ਗਿਣਦਾ ਮੰਨਦਾ ਤਾਂ ਹੈ ਕਿ ਮੈਂ ਕੁਛ ਹਾਂ। ਸੋ ਇਸ ਤੁਛਤਾ ਦੇ ਅਭਿਮਾਨ ਨੂੰ ਭੀ ਸ਼ਬਦ ਰੂਪੀ ਰੇਤੀ ਨਾਲ ਘਿਸਾ ਘਿਸਾ ਕੇ ਨਿਰਮਾਨ ਹੋ ਜਾਂਦਾ ਹੈ। ਜਦ ਤਕ ਤੁਛਤਾ ਘਿਸਦੀ ਰਹਿੰਦੀ ਹੈ ਤਦ ਤਕ ਭਗਤੀ ਹੈ। ਤੇ ਜਦ ਤੁਛਤਾ ਭੀ ਘਿਸ ਘਿਸਾ ਕੇ ਆਪਾ ਮਿਟ ਗਇਆ ਤਾਂ ਪ੍ਰਾਭਗਤੀ ਦੀ ਪ੍ਰਾਪਤੀ ਹੋ ਗਈ ਸੋ ਏਹ ਪ੍ਰਾਭਗਤੀ ਹੀ ਅਭੇਦ ਬ੍ਰਹਮ ਗਿਆਨ ਕਹਾਉਂਦੀ ਹੈ ॥

(4) ਨਿਖੇਧੀ ਪੱਖ ਵਾਲੇ ਇਕ ਮਲਿਨ ਅਹੰਕਾਰ ਤੇ ਦੂਜਾ ਸ਼ੁਧ ਅਹੰਕਾਰ ਮੰਨਦੇ ਹੈਨ। ਅਤੇ ਕਹਿੰਦੇ ਹੈਨ ਕਿ ਮਲਿਨ ਅਹੰਕਾਰ ਜੋ ਦੇਹ ਅਭਿਮਾਨ ਹੈ ਇਸਦਾ ਤਿਆਗ ਤੇ ਸ਼ੁਧ ਅਹੰਕਾਰ ਜੋ ਆਤਮ ਅਭਿਮਾਨ ਹੈ ਇਸਦਾ ਗ੍ਰਹਣ ਕਰਨਾ ਚਾਹੀਏ। ਪਰ ਏਹ ਨਿਯਮ ਹੈ ਕਿ ਜਦ ਸਤਿਗੁਰਾਂ ਦੀ ਸ਼ਰਣ ਵਿਖੇ ਦੀਖਿਤ ਹੋਨ ਲਈ ਜਗਿਆਸੂ ਆਂਵਦਾ ਹੈ ਤਾਂ ਉਸਦੇ ਰਿਦੇ ਵਿਚ ਦੇਹ ਅਭਿਮਾਨ ਹੀ ਹੋਂਦਾ ਹੈ। ਆਤਮ ਅਭਿਮਾਨ ਹੀ ਹੋਂਦਾ ਹੈ। ਆਤਮ ਅਭਿਮਾਨ ਦੀ ਤਾਂ ਅਜੇ ਉਸਨੂੰ ਸੂਝ ਹੀ ਨਹੀਂ ਹੋਂਦੀ। ਸੋ ਉਸ ਵੇਲੇ ਸਤਿ ਨਾਮ ਸ਼ਬਦ ਦੀ ਦੀਖਿਆ ਉਸਨੂੰ ਮਿਲ ਜਾਂਦੀ ਹੈ ਤਾਂ ਉਪਰ ਕਹੇ ਅਨੁਸਾਰ ਉਸਦਾ ਦੇਹ ਅਭਿਮਾਨ ਸ਼ਬਦ ਦੇ ਅਭਿਆਸ ਕਰਨੇ ਕਰਕੇ ਛੁਟ ਜਾਂਦਾ ਹੈ। ਪਰ ਇਸ ਨਿਖੇਧੀ ਪੱਖ ਵਿਚ

ਵਿਰੁਧ ਇਸਦੇ ਉਸ ਜਗਿਆਸੂ ਦੇ ਸਿਰ ਪਰ ਹੋਰ ਅਭਿਮਾਨ ਦਾ ਪਹਾੜ ਸਿਟ ਦੇਂਦੇ ਹੈਨ। ਅਰਥਾਤ ਸੋਹੰ ਸ਼ਬਦ ਉਸਦੇ ਕੰਨਾਂ ਵਿਚ਼ ਫੂਕ ਦੇਂਦੇ ਹੈਨ। ਸੋ ਪਹਿਲਾਂ ਹੀ ਜਦ ਹੰ ਪਦ ਨੂੰ ਗ੍ਰਹਣ ਕਰਕੇ ਉਸੀ ਦਾ ਅਭਿਆਸ ਕਰਨਾ ਅਰੰਭ ਕਰ ਦਿਤਾ ਤਾਂ ਉਸਨੇ ਨਿਤਾਪ੍ਰਤਿ ਵਧਣਾ ਹੀ ਹੋਇਆ। ਜਿਸ ਗਲ ਦਾ ਨਿਤਾਪ੍ਰਤਿ ਅਭਿਆਸ ਕੀਤਾ ਜਾਏ ਉਸਨੇ ਤਾਂ ਜ਼ਰੂਰ ਵਧਣਾ ਹੀ ਹੈ। ਸੋ ਤਾਤਪਰਜ ਏਹ ਕਿ ਅਹੰਕਾਰ ਦੂਰ ਹੋਨ ਦੀ ਥਾਂ ਸੋਹੰ ਸ਼ਬਦ ਕਰਕੇ ਅਹੰਕਾਰ ਜਰੂਰ ਵਧ ਜਾਂਦਾ ਹੈ, ਪਰ ਮਲਿਨ ਅਹੰਕਾਰ ਨਾਲੋਂ ਸ਼ੁਧ ਅਹੰਕਾਰ ਦਾ ਜੁਦਾ ਕਰਨਾ ਨਾ ਏਹ ਸੁਖਾਲਾ ਹੀ ਹੈ। ਤੇ ਨਾ ਹਰ ਕਿਸੀ ਦਾ ਏਹ ਕੰਮ ਹੈ। ਕਿ ਹੰਸ ਹੋਕੇ ਜਲ ਤੇ ਦੂਧ ਨੂੰ ਨਿਆਰਾ ਕਰਕੇ ਗ੍ਰਹਨ ਤਿਆਗ ਕਰ ਸਕੇ। ਅਥਵਾ ਏਹ ਅਵਸਥਾ ਦੁਰਲਭ ਹੈ। ਇਸ ਕਾਰਜ ਲਈ ਵੇਦਾਂਤ ਦੇ ਗ੍ਰੰਥਾਂ ਦੀਆਂ ਅਲਮਾਰੀਆਂ ਉਸ ਅਗੇ ਖੋਲ ਕੇ ਰਖੀਆਂ ਜਾਂਦੀਆਂ ਹੈਨ ਕਿ ਸਾਰੀ ਉਮਰ ਤਕ ਇਨਾਂ ਨੂੰ ਪੜ ਪੜ ਕੇ ਸੁਧ ਅਹੰਕਾਰ ਨੂੰ ਮਲਿਨ ਅਹੰਕਾਰ ਥੋਂ ਜੁਦਾ ਕਰਨ ਦੇ ਸਾਧਨ ਸੁਣੇ ਪੜੇ। ਤੇ ਉਨਾਂ ਦਾ ਨਿਧਿਆਸਨ ਕਰਕੇ ਕਾਰਜ ਰਾਸ ਕਰੇ। ਪਰ ਵੇਦਾਂਤ ਦੇ ਕਠਿਨ ਪਦ ਪਦਾਰਥ ਜਿਨਾਂ ਦੀ ਸਮਝ ਹੀ ਅਉਖੀ ਹੈ ਐਸੇ ਗ੍ਰੰਥਾਂ ਦੇ ਅਧੇਨ ਕਰਨ ਵਿਚ ਹੀ ਸਾਰੀ ਉਮਰ ਬਿਤੀਤ ਕਰਨੀ ਪਾਉਂਦੀ ਹੈ। ਤਦ ਭੀ ਦੇਹ ਅਭਿਮਾਨ ਦਾ ਮਿਟਣਾ ਦੂਰਲਭ ਹੈ। ਵੇਦਾਂਤ ਦੇ ਅਨੇਕ ਗ੍ਰੰਥਾਂ ਦੇ ਅਧੇਨ ਕਰਨ ਲਈ ਗ੍ਰੰਥਾਂ ਦਾ ਕੀੜਾ ਬਣਨਾ ਪੈਂਦਾ ਹੈ ਤੇ ਅਸਲੀ ਕੰਮ ਜੋ ਗੁਰ ਸ਼ਬਦ ਦਾ ਅਭਿਆਸ ਹੈ ਸੋ ਉਹ ਕਿਨਾਰੇ ਤੇ ਹੀ ਧਰਿਆ ਰੈਹ ਜਾਂਦਾ ਹੈ। ਤੇ ਜੇਕਰ ਅਭਿਆਸ ਕਰਨ ਤਾਂ ਭੀ ਲਾਭ ਨਹੀਂ, ਹਾਨੀ ਹੀ ਹੈ। ਕਿਉਂ ਜੋ ਦੇਹ ਅਭਿਮਾਨ ਜੋ ਅੰਦਰ ਮੌਜੂਦ ਹੋਇਆ।

ਵਿਧੀ ਪੱਖ ਵਾਲੇ ਮਲਿਨ ਅਤੇ ਸ਼ੁਧ ਅਹੰਕਾਰ ਦੋਹਾਂ ਨੂੰ ਹੀ ਤਿਆਗਣ ਜੋਗ ਜਾਣਦੇ ਹੈਨ। ਉਹ ਲੋਹੇ ਦੀ ਬੇੜੀ ਤੇ ਉਹ ਸੋਇਨੇ ਦੀ ਬੇੜੀ ਦੋਵੇਂ ਬੰਧਨ ਰੂਪ ਸਮਝਦੇ ਹੈਨ। ਅਹੰਕਾਰ ਨੂੰ ਸਰਬ ਰੂਪ ਜਾਣਕੇ ਇਸਦਾ ਵਿਸਾਹ ਨਹੀਂ ਕਰਦੇ ਜੀਕੁਰ ਸਰਪ ਦੀ ਮਿਤ੍ਰਾਈ ਦਾ ਭੀ ਇਤਬਾਰ ਨਹੀਂ, ਈਕੁਰ ਹੀ ਹੰਕਾਰ ਦੀ ਸ਼ੁਧਤਾ ਦਾ ਭੀ ਇਤਬਾਰ ਨਹੀਂ ਕਰਦੇ। ਇਨਾਂ ਨੂੰ ਸ਼ੁਧ ਅਹੰਕਾਰ ਤੋਂ ਮਲਿਨ ਅਹੰਕਾਰ ਨੂੰ ਜੁਦਾ ਕਰਨ ਲਈ ਕਿਸੀ ਗ੍ਰੰਥ ਦੇ ਪੜਨੇ ਸੁਨਣੇ ਜੀ ਲੋੜ ਨਹੀਂ ਪਉਂਦੀ। ਵਿਚੇ ਸ਼ੁਧ ਅਤੇ ਵਿਚੇ ਅਸ਼ੁਧ ਸਣਗੁਦੜ ਤੇ ਸਣਪਾਮੜੇ ਅਹੰਕਾਰ ਨੂੰ ਦੁਖਦਾਈ ਸਮਝਕੇ ਇਕੋ ਸਤਿਨਾਮ ਸ਼ਬਦ ਦੇ ਅਭਿਆਸ ਨਾਲ ਥੱਲਯੋਂ ਖੋਤ੍ਰਕੇ ਬਾਹਿਰ ਸੁਟ ਮਾਰਦੇ ਹੈਨ। ਇਸੀ ਕਰਕੇ ਨਿਖੇਧੀ ਪੱਖ ਵਾਲੇ ਵੇਦਾਂਤੀਆਂ ਦਾ ਮਾਰਗ ਕੀਟੀ ਮਾਰਗ ਹੈ ਤੇ ਵਿਧੀ ਪੱਖ ਵਾਲਿਆਂ ਦਾ ਬਿਹੰਗਮ ਮਾਰਗ ਹੈ। ਕੀਟੀ ਨੇ ਇਕ ਥਾਂ ਤੋਂ ਦੂਜੇ ਥਾਂ ਪਰ ਜਾਣਾ ਹੋਵੇ ਤਾਂ ਵਡੀ ਅਉਖਿਆਰੀ ਸਹਾਰਦੀ ਹੈ। ਫਿਰ ਭੀ ਪਹੁਚਣਾ ਦੁਰਲਭ ਹੈ ਪਹੁਚੇ ਪਹੁਚੇ ਨਾ ਪਹੁਚੇ ਤਾਂ ਨਾ ਹੀ ਪਹੁਚੇ ਰਸਤੇ ਵਿਚ ਹੀ ਦਲੀ ਮਲੀ ਜਾਏ ਤੇ ਬਿਹੰਗਮ ਅਰਥਾਤ ਪੰਛੀ ਨੇ ਇਕ ਥਾਂ ਤੋਂ ਦੂਜੀ ਥਾਂ ਪਰ ਪਹੁਚਣਾ ਹੋਂਦਾ ਹੈ ਤਾਂ ਉਡਾਰੀ ਮਾਰਕੇ ਤਾਤਕਾਲ ਪਹੁਚ ਜਾਂਦਾ ਹੈ ਅਥਵਾ ਨਿਖੇਧੀ ਪੱਖ ਕਉਡਾਂ ਦਾ ਬਨਜ ਹੈ, ਜੋ ਵਡੇ ਵਿਸਥਾਰ ਅਤੇ ਥਕੇਵੇਂ ਵਾਲਾ ਹੈ। ਤੇ ਵਿਧੀ ਪੱਖ ਮੋਹਰਾਂ (ਅਸ਼ਰਫੀਆਂ)

(ਬਾਕੀ ਵੇਖੋ ਸਫਾ 16)

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

[ਵਲੋਂ : ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ]

## 'ਰਾਏ ਕੋਟ' ਜਗਰਾਉਂ ਤੇ ਲੁਧਿਹਾਣੇ ਉਤੇ ਕਬਜ਼ਾ ਅਤੇ ਗੈਂਡੇ ਦੀ ਬੰਦ ਖਲਾਸ ਕਰਾਈ

'ਰਾਏ ਕੋਟ' ਦੇ ਇਲਾਕੇ ਵਿਚ ਭੀ ਗਊਕਸ਼ੀ ਦੀ ਧਾਂਕ ਪਈ ਹੋਈ ਸੀ। ਹਿੰਦੂਆਂ ਦੇ ਦੁਖ ਦੀ ਗਲ ਹੀ ਕੀ ਕਹਿਣੀ ਹੈ ਰਾਏ ਦੇ ਸਰਪ੍ਰਸਤ ਸ਼ੇਰ ਖਾਂ ਦੇ ਹਥੋਂ ਨਮਸੂਰ ਦੇ ਅਲਾਕੇ ਦੀ ਮੁਸਲਮਾਨ ਪਰਜਾ ਭੀ ਬਹੁਤ ਦੁਖੀ ਸੀ। ਨਮਸੂਰ ਦੇ ਇਲਾਕੇ ਦਾ ਇਕ ਮੰਨਿਆਂ ਹੋਇਆ ਗੈਂਡਾ ਨਾਮੀ ਜੱਟ ਰਈਸ ਭੀ ਰਾਏ ਕਲੇ ਨੇ ਕੈਦ ਕੀਤਾ ਹੋਇਆ ਸੀ। ਇਹਦੀ ਇਸਤ੍ਰੀ ਅਪਨੇ ਧੀਆਂ ਤੇ ਪੁਤਰਾਂ ਸਮੇਤ ਬਾਬਾ ਜੀ ਪਾਸ ਫਰਿਆਦੀ ਹੋਈ। ਆਪ ਨੂੰ ਤਰਸ ਆਇਆ, ਤੇ ਰਾਏ ਪਾਸ ਇਹਦੀ ਮੰਗ ਕਰ ਭੇਜੀ ਅਤੇ ਨਾਲ ਹੀ ਗਊਕਸ਼ੀ ਦੇ ਬੰਦ ਕਰਾ ਦੇਣ ਦਾ ਇਕਰਾਰ ਵੀ ਮੰਗਿਆ-ਪਰ ਰਾਏ ਨਹੀਂ ਮੰਨਿਆ ਸੀ, ਇਸੇ ਤਰਾਂ ਬਾਬਾ ਜੀ ਨੇ ਤਿੰਨ ਵੇਰ ਆਦਮੀ ਭੇਜਕੇ ਸਮਝਾਉਣ ਦਾ ਯਤਨ ਕੀਤਾ ਕਿ ਇਹਨਾਂ ਦੋ ਮੰਗਾਂ ਤੋਂ ਬਿਨਾਂ ਹੋਰ ਕੋਈ ਇਛਾ ਨਹੀਂ ਹੈ, ਪਰ ਉਸ ਨੇ ਫਿਰ ਭੀ ਇਨਕਾਰ ਹੀ ਕੀਤਾ ਤੇ ਸਗੋਂ ਲੜਨ ਲਈ ਵੰਗਾਰਿਆ ਭੀ।

ਇਸ ਵੇਰੀ ਸ੍ਰੀ ਬਾਬਾ ਜੀ ਨਾਲ ਸ੍ਰਦਾਰ ਹਰੀ ਸਿੰਘ ਤੇ ਦਰਬਾਰਾ ਸਿੰਘ ਤੋਂ ਵਖਰੇ ਸਰਦਾਰ ਜੋਧ ਸਿੰਘ ਅਤੇ ਸਰਦਾਰ ਕਰਮ ਸਿੰਘ ਸ਼ਾਹਬਾਦੀਆ ਤੇ ਸ੍ਰ: ਬੁਧ ਸਿੰਘ ਫੈਜ਼ਲਪੁਰੀਆ, ਵੀ ਮੱਦਦ ਲਈ ਆਏ ਸਨ। ਸਿੰਘਾਂ ਦੀ ਸਾਰੀ ਗਿਣਤੀ ਇਸ ਸਮੇਂ ਸਤ ਅੱਠ ਹਜ਼ਾਰ ਦੇ ਲਗ ਭਗ ਹੋ ਚੁਕੀ ਸੀ। ਹਜ਼ੂਰ ਨੇ ਪੰਜ ਸੌ ਸਵਾਰਾਂ ਨੂੰ ਦਾਰੂ ਸਿਕਾ ਦੇ ਕੇ ਪਹਿਲੇ ਹੱਲੇ ਲਈ ਅਗੇ ਭੇਜ ਦਿਤਾ। ਰਾਇ ਅਲਿਆਸ ਨੇ ਵੀ ਆਪਣੀ ਕੁਝ ਸੈਨਾ 'ਸ਼ੇਰ ਖਾਂਨ' ਦੇ ਸਪੁਰਦ ਕੀਤੀ। ਜਿਸ ਨੇ ਸਿਖਾਂ ਦਾ ਰਾਹ ਰੋਕਣ ਲਈ 'ਦੌਲੋਂ' ਪਿੰਡ ਆਏ ਮੋਰਚਾ ਗੱਡ ਦਿਤਾ। ਸਿੰਘ ਸਵਾਰ ਨੇੜੇ ਪੁਜੇ ਤਾਂ ਦੋਹਾਂ ਪਾਸਿਆਂ ਥੀਂ ਤੀਰ ਗੋਲੀ ਦੀ ਬੁਛਾੜ ਸ਼ੁਰੂ ਹੋ ਗਈ ਜਿਸ ਦਾ ਜ਼ਿਕਰ ਕਵੀ ਲਾਲਾ ਦਾਸ ਜੀ ਨੇ ਅਪਣੇ ਗ੍ਰੰਥ (ਗੁਰ ਜਸ ਹੁਲਾਸ) ਵਿਚ

ਇਉਂ ਲਿਖਿਆ ਹੈ—

॥ ਸਿਰ ਖੰਡੀ ਛੰਦ ॥

ਅਣਗਿਣਤ ਬਜੇ ਨਗਾਰੇ, ਦਲਾਂ ਮੁਕਾਬਲਾ,
ਧਾਏ ਮਾਰ ਪੁਕਾਰੇ, ਸੂਰੇ ਖੇਤ ਮੈਂ ।
ਤੜ ਤੜ ਤੁਪਕ ਪੁਕਾਰੇ, ਦਾਣੇ ਭੱਠ ਜਿਉਂ
ਸ਼ਸਤਰ ਗਹੇ ਕਰਾਰੇ, ਰਣੋਂ ਕਲੋਲ ਹੀ ।
ਸਿੰਘ ਗਰਜੇ ਜਿਮ ਸ਼ੇਰ, ਮਾਰ ਪੁਕਾਰਦੇ,
ਤੁਰਕ ਗਹੀ ਸ਼ਮਸ਼ੇਰੰ, ਉਤ ਸਿੱਖ ਮਾਰ ਹੀਂ ।
ਦੜ ਦੜ ਡਿੱਗਦੇ ਮੇਰੰ, ਮਾਨੋ ਸਿੱਖਰ ਹੈ,
ਤੁਰਕਨ ਦੀਨ ਖਲੇਰਨ, ਭਾਜੇ ਤਰਾਸ ਧਰ ।
ਫੇਰ ਫਿਰੇ ਰਣਿ ਸੂਰੇ, ਮਾਰੇ ਲਾਜ ਦੇ,
ਕਾਲੇ ਗੋਰੇ ਭੂਰੇ, ਰੰਗ ਮਲੇਛ ਜੋ ।
ਮੱਥੇ ਚਮਕਣ ਨੂਰੇ, ਧਾਰੇ ਕੋਪ ਕੋ,
ਅੰਗ ਅੰਗ ਹ੍ਵੈ ਚੂਰੇ, ਅੰਗ ਨ ਮੋੜ ਦੇ ।
ਗਰਜੇ ਸੂਰ ਨਿਹੰਗ, ਤੁਰਕਨ ਦੇ ਕੈ,
ਖੜਗ ਧਰੇ ਕਰ ਨੰਗੇ, ਮਾਰ ਪੁਕਾਰ ਦੇ ।
ਵੱਜੇ ਢੋਲ ਮਰਦੰਗੇ, ਮੱਚੇ ਸੂਰਮੇ,
ਚਲਣ ਬਾਣ ਤੁਫੰਗੇ, ਸਿੰਘਨ ਤੁਰਕ ਕੇ ।

(ਧਿਆਇ ੧੮, ੧੪੦)

ਇਸ ਤਰ੍ਹਾਂ ਨਾਲ ਘਣੇ ਘਮਸਾਨ ਵਿਚ ਸਿੰਘਾਂ ਨੇ ਆਪਣੇ ਵਡਿਆਂ ਦੀ ਤਰ੍ਹਾਂ ਹੱਥ ਵਿਖਾਏ ਜੋ ਤੋਬਾ ਤੋਬਾ ਕਰਕੇ ਨੱਸੇ ਅਤੇ ਕਿਲ੍ਹੇ ਅੰਦਰ ਵੜਕੇ ਦਰਵਾਜਾ ਬੰਦ ਕਰ ਲਿਤਾ। ਸਿੰਘਾਂ ਨੇ ਹੱਲਾ ਕਰਕੇ ਦਰਵਾਜ਼ਾ ਭੰਨ ਦਿਤਾ ਅਤੇ ਕਿਲ੍ਹੇ ਉਤੇ ਵੀ ਕਬਜ਼ਾ ਕਰ ਲਿਆ। ਇਹ ਜਿਕਰ ਸੰਨ ੧੭੯੭ ਦਾ ਹੈ ਗੋਂਡ੍ਹਾ ਇਸ ਕਿਲ੍ਹੇ ਵਿਚ ਨਹੀਂ ਸੀ ਜੋ ਫੜ੍ਹਾ ਲਿਆ ਜਾਂਦਾ। ਬਾਬਾ ਜੀ ਨੇ ਇਸ ਸਬੰਧੀ ਇਕ ਚਿਠੀ ਰਾਏ ਅਲਯਾਸ ਨੂੰ ਫਿਰ ਲਿਖੀ ! ਪਰ ਇਸ ਨੇ ਆਖਿਆ—ਜਿਸ ਬਾਬੇ ਨੇ ਸਾਡੀ ਫੌਜ ਸੈਂਕੜੇ ਜਵਾਨ ਮਰਵਾ ਦਿਤੇ ਤੇ ਕਿਲ੍ਹੇ ਨੂੰ ਭੀ ਤੁੜਵਾ ਕੇ ਲੁੱਟ ਕਰਾਈ ਹੈ ਉਸ ਨਾਲ ਸਾਡੀ ਦੋਸਤੀ ਨਹੀਂ ਹੋ ਸਕਦੀ। ਇਸ ਉਤਰ ਦੇ ਨਾਲ ਹੀ ਇਸ ਨੇ ਰੋਸ਼ਨ ਖਾਨ ਦੀ ਕਮਾਨ ਹੇਠਾਂ ਚੋਣਵੇਂ ਕਈ ਸੌ ਲੜਾਕੇ ਜਵਾਨ ਭੇਜ ਕੇ 'ਜੋਧ ਮਨਸੂਰ' ਬਾਬਾ ਜੀ ਦੇ ਡੇਰੇ ਉਤੇ ਹੱਲਾ ਕਰਾ ਦਿਤਾ, ਪਰ ਓੜਕ ਨੂੰ ਰੋਸ਼ਨ ਖਾਨ ਮਾਰਿਆ ਗਿਆ ਤੇ ਬਾਕੀ ਦੀ ਸੈਨਾ ਨੱਸ ਭੱਜ ਗਈ। ਐਸੀ ਹਾਲਤ ਵਿਚ ਰਾਏ ਬਹੁਤ ਘਬਰਾਇਆ ਤੇ ਆਪਣੇ ਦੋ ਸਿਖ ਮੁਲਾਜ਼ਮਾਂ ਬਾਗ ਸਿੰਘ, ਮਿਸਰੀ ਸਿੰਘ ਰਾਹੀਂ ਮੁਆਫੀ ਦੀ ਅਰਜੀ ਕਰ ਭੇਜੀ ਪਰ ਹੁਣ ਬਾਬਾ ਜੀ ਨੇ ਇਨਕਾਰ ਕਰ ਦਿਤਾ, ਜਿਸ

ਤੇ ਮਜ਼ਬੂਰ ਹੋ ਕੇ ਰਾਏ ਅਲਯਾਸ ਨੂੰ ਰਾਤੋ ਰਾਤ ਕਿਲ੍ਹਾ ਛਡ ਕੇ ਨੱਸਣਾ ਪਿਆ। ਬਾਬਾ ਜੀ ਨੇ ਉਸੇ ਵੇਲੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਤੇ ਗੈਂਡੇ ਨੂੰ ਕੈਦੋਂ ਬਾਹਰ ਕੱਢਾ ਕੇ ਬਾਕੀ ਦਾ ਸਾਰਾ ਇਲਾਕਾ ਜਿਸ ਵਿਚ 'ਜਗ੍ਰਾਂਉਂ' ਨੌਂਬਤ 'ਦੁਘਰੀ' ਤੇ 'ਲੁਧਿਆਣਾ' ਆਦਿਕ ਸ਼ਹਿਰ ਸਨ, ਥੋੜ੍ਹੇ ਹੀ ਦਿਨਾਂ ਅੰਦਰ ਕਬਜ਼ਾ ਕਰ ਲਿਆ।

ਇਸ ਤਵਾਰੀਖੀ ਜਿਕਰ ਨੂੰ ਸਰ ਲਿਪਲ ਗ੍ਰਿਫਨ ਵਲੋਂ ਤਜਕਰਾ ਰਉਸਾਏ ਪੰਜਾਬ ਸਫਾ ੨੨੬-੨੨੭ ਉਤੇ ਐਸਾ ਲਿਖਿਆ-ਕਿ ਪਟਿਆਲਾ ਜੀਂਦ ਕੈਂਥਲ ਤੇ ਜੋਧ ਸਿੰਘ ਕਲਸੀਆ ਨੇ ਆਪਣੀ ਫੌਜੇਂ ਅਕੱਠੀ ਕੀਂ, ਔਰ ਲੁਧਿਆਣਾ ਕੀ ਤਰਫ ਬੜ ਕਰ ਸਿਖੋਂ ਕੋ ਆਗੇ ਧਰ ਲਿਆ। ਔਰ ਸਭ ਮੁਆਵਜ਼ਾਤ ਜੋ ਬੇਦੀ ਸਾਹਿਬ ਸਿੰਘ ਨੇ ਫਤੇ ਕੀਏ ਥ ਵਾਪਸ ਲੈ ਲੀਏ। ਬੇਦੀ ਸਾਹਿਬ ਸਿੰਘ ਜਬ ਚੰਦ ਦਿਹਾਤ ਸੇ ਨਿਕਾਲਾ ਗਿਆ ਤੋ ਉਸ ਨੇ ਔਰੋਂ ਪਰ ਕਬਜ਼ਾ ਕਰ ਲਿਆ ਔਰ ਮੌਜਾ 'ਦੋ ਘਰੀ' ਮੈਂ ਇਕ ਨਇਆ ਕਿਲ੍ਹਾ ਤਾਮੀਰ ਕਰਾਇਆ ਬੇਦੀ ਨੇ ਦਬਾ ਅਜ਼ਾਂ ਲੁਧਿਹਾਣਾ ਫਤੇ ਕਰਕੇ ਕਿਲ੍ਹਾ ਲੁਧਿਹਾਣਾ ਕਾ ਮੁਹਾਸਰਾ ਕੀਆ।'

ਨੋਟ—ਇਸ ਉਕਤ ਲਿਖਤ ਤੋਂ ਸਿਧ ਹੈ ਕਿ ਮਲੇਰਕੋਟਲੇ ਦੀ ਸੋਧ ਮਗਰੋਂ ਇਸ ਇਲਾਕੇ ਵਿਚੋਂ ਗਊਕਸ਼ੀ ਕਰਣ ਵਾਲਿਆਂ ਦੀ ਜੜ੍ਹ ਪੁਟਣ ਲਈ ਬਾਬਾ ਜੀ ਨੇ ਪੱਕਾ ਇਰਾਦਾ ਕਰ ਲਿਆ ਹੋਇਆ ਸੀ। ਇਸ ਸਿਲਸਲੇ ਵਿਚ ਬਾਬਾ ਜੀ ਦੇ ਇਧਰ ਤਿੰਨ ਚਾਰ ਸਾਲ ਲਗ ਗਏ ਦਿਸਦੇ ਹਨ। ਜਿਸ ਵਿਚ ਜਿਥੇ ਕਿਸੇ ਈਨ ਮੰਨ ਲਈ ਉਹ ਛੱਡ ਦਿਤਾ ਤੇ ਬਾਕੀ ਦੇ ਬਹੁਤੇ ਇਲਾਕੇ ਉਤੇ ਕਬਜ਼ਾ ਵੀ ਕਰ ਲਿਆ ਹੋਇਆ ਸੀ।

ਇਹ ਇਲਾਕਾ ਆਮ ਕਰਕੇ 'ਰਾਏ ਕੋਟ' ਰਾਇ ਅਲਯਾਸ ਦਾ ਹੀ ਦਿਸਦਾ ਸੀ, ਜਿਸ ਤੇ ਇਸ ਨੇ ਅਪਣਾ ਇਲਾਕਾ ਖੁਸਦਾ ਵੇਖ ਕੇ ਸਿਖ ਸਟੇਟਾਂ ਪਾਸੋਂ ਮਦਦ ਲਿਤੀ। ਉਹਨਾਂ ਨੇ ਬਦਲੇ ਵਿਚ ਕਈ ਗਰਜ਼ਾਂ ਪੂਰੀਆਂ ਕਰਕੇ ਮਦਦ ਦਿਤੀ ਅਤੇ ਕਈ ਪਿੰਡ ਬਾਬਾ ਜੀ ਪਾਸੋਂ ਛੁੜਾ ਵੀ ਲੀਤੇ, ਪਰ ਜਿਤਨੇ ਉਹਨਾਂ ਨ ਛੁਡਾਏ ਸੀ ਉਤਨੇ ਹੀ 'ਤਜਕਰਾ ਰੂਉਸਾ ਪੰਜਾਬ' 277 ਸਫੇ ਦੀ ਲਿਖਤ' ਮੁਤਾਬਕ ਬਾਬਾ ਜੀ ਨੇ ਹੋਰ ਕਬਜ਼ੇ ਵਿਚ ਕਰ ਲਏ ਸਨ, ਅਤੇ ਇਸ ਰਗੜੇ ਤੋਂ ਪਿਛੋਂ (ਬਾਦਅਜ਼ਾਂ) ਕਿਲਾ ਨੌਂਬਤ ਅਤੇ 'ਦੁਘਰੀ' ਦਾ ਨਵਾਂ ਕਿਲਾ ਵੀ ਬਣਵਾਇਆ ਅਤੇ ਇਹਦੇ ਪਿਛੋਂ ਲੁਧਿਹਾਣਾ ਫਤੇ ਕੀਤਾ ਗਿਆ ਸੀ। ਆਖਰੀ ਹੱਲਾ ਰਾਇ ਕੋਟ ਉਤੇ ਜੋ ਹੋਇਆ ਸੀ—ਅੰਗਰੇਜ਼ ਸਰ ਲਿਪਲ ਗ੍ਰਿਫਨ ਵਲੋਂ ਚੀਫ ਪੰਜਾਬ ਦੀ ਲਿਖਤ ਮੁਤਾਬਕ 1798 ਵਿਚ ਹੋਇਆ ਪਾਇਆ ਜਾਂਦਾ ਹੈ।

ਫੇਰ ਇਸ ਇਲਾਕੇ ਦੇ ਪ੍ਰਬੰਧ ਨੂੰ ਮੁਖ ਰਖਦੇ ਹੋਏ ਬਾਬਾ ਜੀ ਨੇ ਇਕ ਕਿਲਾ 'ਡੁਘਰੀ' ਵਿਚ ਬਣਵਾਇਆ ਤੇ ਇਕ ਕੱਚਾ ਕਿਲ੍ਹਾ ਲੁਧਿਹਾਣੇ ਵਿਚ ਸੁਥਰੇ ਦੀ ਧਰਮਸਾਲਾ ਨੇੜੇ ਤਿਆਰ ਕਰਵਾਇਆ ਸੀ, ਇਨਾਂ ਥਾਂਵਾਂ ਵਿਚ ਆਪਣੇ ਥਾਣੇ ਥਾਪ ਕੇ ਫਿਰ 'ਰਾਏਪੁਰ' ਆਣ ਮੁਕਾਮ ਕੀਤਾ।

# ਰਾਇ ਪੂਰ ਦੇ ਵਸਨੀਕਾਂ ਨੂੰ ਅੰਮ੍ਰਿਤ ਛਕਾਇਆ

'ਰਾਏ ਕੋਟ' ਜਗਰਾਉਂ ਤੇ ਲੁਧਿਹਾਣਾ, ਫਤੇ ਕਰਕੇ ਬਾਬਾ ਜੀ ਨੇ ਅਪਣ ਥਾਣੇ ਥਾਪੇ, ਅਤੇ ਇਲਾਕੇ ਦੇ ਰਈਸਾਂ ਸਰਦਾਰਾਂ ਪਾਸੋਂ ਨਜ਼ਰਾਨੇ ਲੈਕੇ ਸਭਨਾਂ ਨੂੰ ਅਮਨ ਤੇ ਪਿਆਰ ਨਾਲ ਰਹਿਣ ਦੀ ਤਾਕੀਦ ਕਰਕੇ 'ਰਾਏ ਪੁਰ' ਆਏ ਬਿਰਾਜੇ। ਇਥੋਂ ਦੇ ਸੁਲਤਾਨੀ ਸੇਵਕਾਂ ਨੂੰ ਸਿਖੀ ਦੀ ਰਹਿਣੀ ਦਾ ਕੋਈ ਪਤਾ ਨਹੀਂ ਸੀ। ਜਦੋਂ ਇਨਾਂ ਲੋਕਾਂ ਨੇ ਹਜ਼ੂਰ ਦੇ ਦਰਸ਼ਨ ਅਤੇ ਮਨੋਹਰ ਉਪਦੇਸ਼ ਸ੍ਰਵਨ ਕੀਤੇ ਤਾਂ ਮੋਹੇ ਗਏ, ਪਰਵਾਰਾਂ ਸਮੇਤ ਅੰਮ੍ਰਿਤ ਛਕ ਸਾਰੇ ਦਾ ਸਾਰਾ ਪਿੰਡ ਸਿੰਘ ਸਜੇ ਗਏ।

ਇਥੇ ਰਾਏ ਪੁਰ ਵਿਚ ਬਾਬਾ ਜੀ ਨੇ ਅਪਣਾ ਡੇਰਾ ਖੁਲੇ ਮੈਦਾਨ ਵਿਚ ਰਖਿਆ ਸੀ ਜਿਥੇ ਹੁਣ ਤੀਕ ਆਪ ਦੀ ਯਾਦਗਾਰ ਵਿਚ ਗੁਰਦਵਾਰਾ 'ਦਮਦਮਾ ਸਾਹਿਬ' ਪ੍ਰਤੱਖ ਹੈ ਜੋ ਉਸ ਸਮੇਂ ਦੀ ਸੰਗਤ ਨੇ ਹੀ ਬਾਅਦ ਵਿਚ ਪਰੇਮ ਨਾਲ ਤਿਆਰ ਕਰਾਇਆ ਸੀ।

# ਕੁਟਲ ਜਾਗੀਰਦਾਰ ਸਰਦਾਰਾਂ ਨੂੰ ਸ਼ਰਮਸਾਰੀ ਤੇ ਰਾਏਪੁਰ ਥੀਂ 'ਦੋਘਰੀ' ਅਤੇ ਮਨਸੂਰ ਦੀ ਸੰਗਤਾਂ ਨੂੰ ਨਿਹਾਲ ਕਰਦੇ ਧੂਰਕੋਟ ਆਣ ਬਿਰਾਜੇ

ਰਾਏ ਕੋਟ 'ਰਾਇ ਅਲਯਾਸ' ਦੀ ਹਾਰ ਹੋਈ ਦੇਖੀ ਤਾਂ ਦੇਸ਼ ਦੇ ਕਈ ਰਈਸਾਂ ਨੂੰ ਇਹ ਚਿੰਤਾ ਲਗ ਗਈ ਕਿ ਬਾਬਾ ਸਾਹਿਬ ਸਿੰਘ ਜੀ ਦੀ ਨੀਅਤ ਸਾਰੇ ਦੇਸ਼ ਉਤੇ ਕਬਜ਼ਾ ਕਰਣ ਦੀ ਹੋ ਆਈ ਹੈ। ਪਹਿਲੇ 'ਮਲੇਰਕੋਟਲੇ ਨੂੰ ਮਾਰਨਾ ਫੇਰ ਰਾਏ ਕੋਟ' ਅਤੇ ਲੁਧਿਆਣੇ ਨੂੰ ਫਤੇ ਕਰਣਾ—ਇਹ ਇਨਾਂ ਦੇ ਸ਼ਕ ਨੂੰ ਪਕਿਆਂ ਕਰਨ ਲਈ ਕਾਫੀ ਸਨ। ਇਨਾਂ ਸਭਨਾਂ ਨੇ ਰਾਏ ਪੁਰ ਦੇ ਚੌਧਰੀ ਨੂੰ ਚਿਠੀ ਲਿਖੀ ਕਿ ਤੁਸੀਂ ਭੀ ਭਲਾ ਚਾਹੁੰਦੇ ਹੋ ਤਾਂ ਬਾਬੇ ਨੂੰ ਫੜਨੇ ਵਿਚ ਸਾਡਾ ਸਾਥ ਦੇਵੋ। ਪਰ ਚੌਧਰੀ ਨੇ ਬਾਬਾ ਜੀ ਨੂੰ ਸ਼ਕਤੀਮਾਨ ਜਾਣਦੇ ਹੋਏ ਉਨਾਂ ਨੂੰ ਕੋਰਾ ਜਵਾਬ ਦਿਤਾ ਤੇ ਸਾਰੀ ਗਲ ਬਾਤ ਬਾਬਾ ਜੀ ਪਾਸ ਭੀ ਅਰਜ ਕਰ ਦਿਤੀ ਅਤੇ ਆਪ ਦਾ ਨਿਵਾਸ ਪਿੰਡ ਦੇ ਨੇੜੇ ਲਿਆ ਕਰਾਇਆ। ਜੋ ਲੋੜ ਸਮੇਂ ਸਾਰੇ ਸਿਖ ਜੱਦ ਆਪ ਦੀ ਮਦਦ ਉਤੇ ਜਾਣਗੇ ਤਾਂ ਪਿਛੇ ਪਿੰਡ ਖਾਲੀ ਨ ਰਹਿ ਜਾਏ।

ਸ੍ਰੀ ਬਾਬਾ ਜੀ ਨੂੰ ਫੜਨ ਦੀ ਨੀਅਤ ਰਖਣ ਵਾਲੇ ਰਈਸਾਂ ਦਾ ਇਕੱਠ ਧਾਂਧ੍ਰੋ ਗ੍ਰਾਮ ਵਿਚ ਹੋ ਰਿਹਾ ਸੀ। ਜਦੋਂ ਇਨਾਂ ਨੂੰ ਪਤਾ ਲਗਾ ਕਿ ਰਾਏਪੁਰ ਦੇ ਸਾਰੇ ਹੀ ਜੱਟ ਜਿਮੀਂਦਾਰ ਬਾਬਾ ਜੀ ਦੀ ਮਦਦ ਕਰਣਗੇ, ਅਤੇ ਉਹ ਹੁਣ ਉਨਾਂ ਨੂੰ ਪਿੰਡ ਦੇ ਲਾਗੇ ਲੈ ਜਾ ਕੇ ਲੜਣ ਦੀ ਪੂਰੀ ਤਿਆਰੀ ਕਰੀ ਬੈਠੇ ਹਨ, ਤਾਂ ਸਮੇਂ ਨੂੰ ਟਾਲ ਕੇ ਸਾਰੇ ਅਪਣ ਅਪਣੇ ਘਰਾਂ ਨੂੰ ਚਲੇ ਗਏ। ਇਹ ਸੁਣ ਕੇ ਬਾਬਾ ਜੀ ਅਤੇ ਰਾਏ ਪੁਰ ਦੀ ਸੰਗਤ ਨੂੰ ਬਹੁਤ ਖੁਸ਼ੀ ਹੋਈ। ਕੁਝ ਦਿਨ ਇਥੇ ਦੀ ਸੰਗਤ ਨੂੰ ਨਿਹਾਲ ਕੀਤਾ। ਫਿਰ ਦੂਘਰੀ ਮਨਸੂਰ ਤੋਂ

ਹੱਏ ਹੋਏ 'ਮੈਣ ਦਾਬੀ' ਰਾਜਿਆਂ ਦੇ ਨੇੜੇ ਧੂੜਕੋਟ ਆਣ ਬਿਰਾਜੇ।

## ਜਗੀਰਦਾਰ ਰਈਸਾਂ ਦੀ ਸਾਜ਼ਸ਼ ਤੇ ਸਰਾਪ ਹੋਣਾ ਅਤੇ ਜਾਰਜ ਥਾਮਸਨ ਸਾਹਿਬ ਨੇ ਹਾਰ ਮੰਨ ਕੇ ਨੱਸ ਜਾਣਾ

ਕਵੀ ਭਾਈ ਲਾਲਾ ਜੀ ਦੀ ਲਿਖਤ ਮੁਤਾਬਿਕ ਲੁਧਿਹਾਣੇ ਦੇ ਇਲਾਕੇ ਦੇ ਲਗ ਭਗ 1300 ਸੌ ਪਿੰਡਾਂ ਉਤੇ ਬਾਬਾ ਜੀ ਦਾ ਕਬਜ਼ਾ ਹੋ ਚੁਕਾ ਸੀ। ਇਸ ਇਲਾਕੇ ਦੇ ਛੋਟੇ ਵਡੇ ਤੁਰਕ ਹਿੰਦੂ ਅਤੇ ਸਿਖ ਰਈਸ ਪਰਜਾ ਦੀ ਤਰ੍ਹਾਂ ਰਹਿਣਾ ਮੰਨ ਚੁਕੇ ਸਨ। ਭੇਟਾ ਵਜੋਂ ਮਿਲੇ ਪਿੰਡਾਂ ਦੀ ਆਮਦਨ ਅਤੇ ਕਬਜ਼ੇ ਵਿਚ ਕੀਤੇ ਇਲਾਕੇ ਦੀ ਮਾਲੀਏ ਵਜੋਂ ਆਉਂਦੀ ਜਿਨਸ ਅਤੇ ਨਕਦੀ ਦਾ ਖਾਤਾ ਵਖੋ ਵਖਰਾ ਸੀ। ਦਸਵੰਧ ਯਾ ਦਰਸ਼ਨ ਭੇਟਾ ਅਤੇ ਨਜ਼ਰਾਨੇ ਦੀ ਚੜ੍ਹਤ ਹੁੰਦੀ ਉਹ ਵਖ ਰਖੀ ਜਾਂਦੀ। ਰਸਦ ਵਾਲੇ ਨੂੰ ਰਸਦ ਮਿਲਦੀ ਤੇ ਫੌਜ ਸਣੇ ਸਾਰੀ ਸੰਗਤ ਲੰਗਰੋਂ ਪ੍ਰਸ਼ਾਦਾ ਛਕਦੀ, ਜੋ ਹਰ ਵੇਲੇ ਜਾਰੀ ਰਹਿੰਦਾ ਸੀ। ਇਸ ਤਰ੍ਹਾਂ ਨਾਲ ਬਾਬਾ ਜੀ ਦੇ ਵਧਦੇ ਪ੍ਰਤਾਪ ਨੂੰ ਦੇਖ ਕੇ ਰਈਸ ਜੋ ਪਹਿਲੇ ਤੋਂ ਈਰਖਾ ਰਖਦੇ ਸਨ, ਜਿਨਾਂ ਵਿਚ ਰਾਏਅਲਿਆਸ ਭੀ ਸ਼ਾਮਲ ਸੀ, ਇਨਾਂ ਨੇ ਗੈਂਡੇ ਨੂੰ ਭੀ ਲਾਲਚ ਦੇਕੇ ਸਰਦਾਰ ਕਰਮ ਸਿੰਘ ਸ਼ਾਹਬਾਂਦਿਆ ਤੇ ਸ੍ਰ: ਬੁਧ ਸਿੰਘ ਫੈਜ਼ਲਾ ਪੁਰੀਆ ਨੂੰ ਭੀ ਅਪਣੇ ਨਾਲ ਗੰਢ ਲਿਆ। ਸਲਾਹ ਕੀਤੀ ਕਿ ਜਿਸ ਤਰ੍ਹਾਂ ਭੀ ਹੋ ਸਕੇ ਬਾਬੇ ਨੂੰ ਹਾਰ ਦਿਤੀ ਜਾਏ ਭਾਵੇਂ ਫਰੰਗੀ ਦੀ ਮਦਦ ਕਿਉਂ ਨ ਲੈਣੀ ਪਵੇ? ਨਹੀਂ ਤਾਂ ਅਪਣੇ ਇਲਾਕਿਆਂ ਥੀਂ ਸਭਨਾਂ ਨੂੰ ਹੱਥ ਧੋਣੇ ਪੈਣਗੇ।

ਇਹ ਸੋਚ ਕੇ ਇਨਾਂ ਨੇ ਇਕ ਚਿੱਠੀ ਗੈਂਡੇ ਹਥੀਂ ਜਾਰਜ ਥਾਮਸਨ ਪਾਸ ਹਾਂਸੀ ਵਿਚ ਭੇਜੀ ਜੋ ਬਾਬਾ ਜੀ ਦੀ ਸਰਹੱਦ, ਅਤੇ ਅੰਗਰੇਜ਼ੀ ਇਲਾਕੇ ਦੇ ਸਰਹੱਦੀ ਸ਼ਹਿਰ ਵਿਚ ਰਹਿੰਦਾ ਸੀ, ਕਿ ਇਨਾਂ ਦੀ ਸਹਾਇਤਾ ਕਰੇ। ਇਕ ਚਿਠੀ ਰਾਹੀਂ ਪਟਿਆਲਾ ਅਤੇ ਜੀਂਦ ਪਾਸੋਂ ਭੀ ਮਦਦ ਮੰਗੀ। ਭਾਵੇਂ ਇਹ ਚਿੱਠੀਆਂ ਭੇਜਣ ਸਮੇਂ ਇਨਾਂ ਨੇ ਅੱਤ ਪਰਦੇ ਤੋਂ ਕੰਮ ਲਿਆ ਸੀ, ਪਰ ਸਾਰੀ ਗਲ ਬਾਤ ਦਾ ਪਤਾ ਬਾਬਾ ਜੀ ਨੂੰ ਲਗ ਗਿਆ ਤੇ ਭਰੇ ਦੀਵਾਨ ਵਿਚ ਗੱਜ ਕੇ ਫੁਰਮਾਇਆ ਯੁਧ ਤਾਂ ਸਾਡੇ ਦੋਵੇਂ ਹੀ ਤੁਰਕਾਂ ਨਾਲ ਹੋਟੇ ਹਨ। ਇਨਾਂ ਨੂੰ ਕੀ ਤੰਗੀ ਪੁਜੀ ਜੋ ਸਾਡੇ ਵਿਰੁਧ ਅੰਗਰੇਜ ਨੂੰ ਬੁਲਾਉਣਾ ਕੀਤਾ ਹੈ? ਸਾਡਾ ਰਾਖਾ ਤਾਂ ਗੁਰੂ ਨਾਨਕ ਆਪ ਹੈ। ਪਰ ਅੰਗਰੇਜ ਨੂੰ ਨਹੀਂ ਬੁਲਾਇਆ ਸਗੋਂ ਆਪਣਾ ਕਾਲ ਬੁਲਾਇਆ ਹੈ। ਇਹ ਬਚਨ ਉਸ ਸਮੇਂ ਹੋਏ ਜਦੋਂ ਅਜੇ ਬਾਬਾ ਜੀ ਦੀ ਆਪਣੀ 'ਰਾਜਧਾਨੀ' ਊਨਾਂ ਸਾਹਿਬ ਅਤੇ ਸਿਖ ਮਿਸਲਾਂ ਵੀ ਮੌਜੂਦ ਸਨ।

ਉਧਰੋਂ ਫਰੰਗੀ ਨੂੰ ਇਹ ਸਮਾਂ ਰੱਬ ਦੇਵੇ। ਚਿੱਠੀ ਪੁਜਦਿਆਂ ਹੀ ਖਿੜ ਗਿਆ ਤੇ ਗੈਂਡੇ ਪਾਸੋਂ ਸਾਰੀ ਗਲ ਬਾਤ ਰਾਹੀਂ ਬਾਬਾ ਜੀ ਦੀ ਤਾਕਤ ਨੂੰ ਅਨੁਭਵ ਕਰਕੇ ਕਈ ਹਜ਼ਾਰ ਫੌਜ ਨਾਲ ਚੜ੍ਹਾਈ ਕਰ ਦਿਤੀ। ਜਦੋਂ ਬਾਬਾ ਜੀ ਤੋਂ ੪੦ ਕੋਹਾਂ ਦੀ ਵਿੱਥ ਉਤੇ ਆਣ ਪੁਜਾ ਤਾਂ ਬਾਬਾ ਜੀ ਨੇ ਵੀ ਆਪਣੀ ਸੈਨਾ ਅਤੇ ਸੰਗਤ ਦੇ ਚੰਗੇ ਲੜਾਕੇ ਸੂਰਬੀਰਾਂ ਨੂੰ ਦਾਰੂ ਸਿਕਾ

ਦੇਕੇ 'ਆਲਮਗੀਰ' ਗ੍ਰਾਮ ਵਿਚ ਆਣ ਮੋਰਚਾ ਗੱਡ ਦਿਤਾ। ਇਧਰ ਸਰਦਾਰਾਂ ਰਈਸਾਂ ਨੂੰ ਭੀ ਪਤਾ ਲਗ ਗਿਆ ਸੀ, ਕਿ ਬਾਬਾ ਜੀ ਸਾਡੀ ਚਾਲ ਨੂੰ ਸਮਝ ਕੇ ਸੰਭਲ ਗਏ ਹਨ, ਅਤੇ ਸਾਨੂੰ ਸ੍ਰਾਪ ਦੇ ਦਿਤਾ ਨੇ, ਤਾਂ ਕੰਬੇ ! ਇਸ ਗਲ ਥੀਂ ਵਿਰੋਧੀ ਭੀ ਜਾਣੂ ਸਨ ਕਿ ਬਾਬਾ ਜੀ ਦੇ ਬਚਨ ਸੱਤ ਹੋ ਜਾਂਦੇ ਹਨ। ਜਿਸ ਤੇ ਕਈ ਘਬਰਾਏ ਅਤੇ ਭੁਲ ਦੀ ਮਾਫੀ ਲਈ ਆਣ ਕੇ ਬੇਨਤੀ ਕੀਤੀ, ਪਰ ਬਾਬਾ ਜੀ ਨੇ ਬਹੁਤ ਸ਼ਰਮਿੰਦਾ ਕੀਤਾ ਤੇ ਫੇਰ ਆਖਿਆ--ਕਿ ਸਾਡਾ ਰਾਖਾ ਅਕਾਲ ਪੁਰਖ ਆਪ ਹੈ। ਪਰ ਤੁਸੀਂ ਅਪਣੀ ਕੁਟਲਤਾ ਦਾ ਫਲ ਜ਼ਰੂਰ ਪਾਓਗੇ ਜਦੋਂ ਸਾਰਾ ਰਾਜ ਭਾਗ ਗਵਾ ਬੈਠੋਗੇ। ਸਾਡੀ ਤਾਕਤ ਦਾ ਤੁਸਾਨੂੰ ਦੁਖ ਹੈ, ਜੋ ਫਿਰ ਭੀ ਤੁਹਾਡੀ ਆਪਣੀ ਹੀ ਹੈ ਪਰ ਅੰਗ੍ਰੇਜ ਨੂੰ ਸਿਰਾਂ ਉਤੇ ਬਿਠਾ ਕੇ ਉਹਦੇ ਅਧੀਨ ਹੋਣ ਦੀ ਤੁਸਾਨੂੰ ਬਹੁਤ ਖੁਸ਼ੀ ਹੈ ਤੇ ਕਾਹਲੀ ਹੈ।

ਬਾਬਾ ਜੀ ਦੇ ਸਚਾਈ ਭਰੇ ਬਚਨ ਇਨ੍ਹਾਂ ਦੇ ਦਿਲਾਂ ਵਿਚ ਤੀਰਾਂ ਦੀ ਤਰ੍ਹਾਂ ਖੁਭ ਗਏ। ਕੁਝ ਹੋਸ਼ ਆਈ ਤਾਂ ਕੀਤੇ ਕਪਟ ਤੇ ਪਛੁਤਾਵਾ ਕਰਕੇ ਲਗੇ ਮੁਆਫੀਆਂ ਮੰਗਣ। ਬਾਬਾ ਜੀ ਨੇ ਫੁਰਮਾਇਆ—ਹੁਣ ਤਾਂ ਅੰਗਰੇਜ ਆਪੇ ਮੂੰਹ ਦੀ ਖਾ ਕੇ ਭੱਜ ਜਾਇਗਾ, ਪਰ ਇਸ ਕਪਟ ਦਾ ਫਲ ਸਮੇਂ ਪਾਕੇ ਭੁਗਤਣਾ ਪਵੇਗਾ। ਇਸਤ੍ਰਾਂ ਬਚਨ ਕਰਦੇ ਕਰਦੇ 'ਨਾਰੰਗ ਵਾਲ' ਟਿੱਬੇ ਉਤੇ ਆਣ ਬ੍ਰਾਜੇ। ਉਧਰ 'ਜਾਰਜ ਥਾਮਸਨ ਸਾਹਿਬ' ਨੇ ਭੀ ਮਾਰੋ ਮਾਰ ਕਰਦਿਆਂ ਕਿਲ੍ਹੇ ਲੁਧਿਆਣੇ ਨੂੰ ਘੇਰੇ ਵਿਚ ਲੈਕੇ ਲੜਾਈ ਸ਼ੁਰੂ ਕਰ ਦਿਤੀ, ਸਿੰਘਾਂ ਨੇ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ ਅਤੇ ਐਸੇ ਹੱਥ ਦਸੇ, ਜੋ ਫਰੰਗੀ ਦੀ ਸੁਰਤ ਚਕਰਾ ਦਿਤੀ। ਗੰਡੇ ਦੀ ਰਪੋਰਟ ਨੂੰ ਝੂਠੀ ਸਮਝ ਉਹਨੂੰ ਝਾੜਾਂ ਪਾਈਆਂ ਤੇ ਉੱਚੀ ਥਾਂ ਖਲੋ ਕੇ ਬਾਬਾ ਜੀ ਦੀ ਫੌਜੀ ਤਾਕਤ ਦਾ ਅੰਦਾਜ਼ਾ ਲੈਣਾ ਕੀਤਾ। ਇਹਨੂੰ ਉਨ੍ਹਾਂ ਦੀਆਂ ਨੀਲੇ ਪੀਲੇ, ਚਿੱਟੇ ਬਾਣੇ ਵਾਲੀਆਂ ਮਾਰੋ ਮਾਰ ਕਰਦੀਆਂ ਬੇਅੰਤ ਫੌਜਾਂ ਦਿਸ ਆਈਆਂ, ਜਿਨ੍ਹਾਂ ਨੂੰ ਵੇਖਕੇ ਇਹ ਸੋਚੀਂ ਪੈ ਗਿਆ ਤੇ ਸੱਤ ਦਿਨ ਦੇ ਮੁਕਾਬਲੇ ਪਿਛੋਂ ਘਬਰਾਕੇ ਰਾਤੋ ਰਾਤੀ ਪਿਛੇ ਨੂੰ ਪਰਤ ਗਿਆ।

ਇਹਦੇ ਭੱਜ ਜਾਣ ਦੀ ਖਬਰ ਸਿੰਘਾਂ ਨੂੰ ਭੀ ਲਗ ਗਈ। ਜਿਨ੍ਹਾਂ ਘਘਰੋਂ ਪਾਰ ਕਈ ਕੋਹ ਤੀਕ ਪਿੱਛਾ ਕੀਤਾ, ਅਤੇ ਅਪਣੀ ਹੱਦ ਤੋਂ ਬਾਹਿਰ ਕੱਢ ਕੇ ਹੀ ਦੰਮ ਲੀਤਾ ਸੀ।

ਅੰਗ੍ਰੇਜ ਦੇ ਭਾਜ ਖਾਂ ਜਾਣ ਮਗਰੋਂ ਇਹਦੇ ਪੱਖੀ ਸਰਦਾਰਾਂ ਦੇ ਪੈਰ ਭੀ ਉਖੜ ਗਏ ਤੇ ਉਠ ਨੱਠੇ, ਪਰ ਸਿੰਘਾਂ ਹਥੋਂ ਅਕ੍ਰਿਤਘਣ ਗੰਡਾ ਨਹੀਂ ਬੱਚ ਸਕਿਆ। ਇਹ ਫੜਿਆ ਗਿਆ ਤੇ ਹਜ਼ੂਰ ਨੇ ਸਖਤ ਸ਼ਰਮਿੰਦਾ ਕਰਕੇ ਕੈਦ ਕਰਾ ਦਿਤਾ ਅਤੇ ਫੜਨ ਵਾਲਿਆਂ ਨੂੰ ਇਨਾਮ ਦੇ ਕੇ ਇਸ ਖੁਸ਼ੀ ਵਿਚ ਸਾਰੇ ਸ਼ਹਿਰ ਲੁਧਿਆਣੇ ਵਿਚ ਦੀਪ ਮਾਲਾ ਕਰਵਾਈ।

## "ਰਾਜਾ ਲਾਲ ਸਿੰਘ ਕੈਂਥਲ ਅਤੇ ਮਹਾਰਾਜਾ ਸਾਹਿਬ ਸਿੰਘ ਪਟਿਆਲੇ ਦੀ ਬੇਨਤੀ"

ਰਾਜਾ ਲਾਲ ਸਿੰਘ ਕੈਂਥਲ ਅਤੇ ਮਹਾਰਾਜਾ ਸਾਹਿਬ ਸਿੰਘ ਪਟਿਆਲਾ ਵਾਲਿਆਂ ਨੇ ਜਦੋਂ ਇਹ ਦੇਖਿਆ ਕਿ ਅੰਗ੍ਰੇਜ ਤਾਂ ਹਾਰ ਮੰਨਕੇ ਹਾਂਸੀ ਚਲਾ ਗਿਆ ਹੈ ਅਤੇ ਅਸੀਂ ਭੀ

ਬਾਬਾ ਜੀ ਦਾ ਕੁਝ ਵਿਗਾੜ ਨਹੀਂ ਸਕੇ, ਤਾਂ ਮੁਫਤ ਦੀ ਇਹਨਾਂ ਨਾਲ ਸਹੇੜੀ ਨਾਰਾਜ਼ਗੀ ਹੁਣੇ ਹੀ ਦੂਰ ਕਰ ਲੈਣੀ ਚਾਹੀਦੀ ਹੈ। ਇਹ ਸੋਚ ਕੇ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਅਸੀਂ ਤਾਂ ਕਿਸੇ ਖਾਸ ਕਾਰਣ ਕਰਕੇ "ਰਾਇ ਅਲਿਆਸ" ਦਾ ਮੂੰਹ ਮੁਲਾਹਜ਼ਾ ਰਖਣਾ ਕੀਤਾ ਸੀ, ਖਾਸ ਕਾਰਣ ਇਹ ਸੀ ਕਿ ਕਿਲਾ 'ਬਦੋਵਾਲ' ਜੋ ਲੁਧਿਆਣੇ ਦੇ ਦਖਣ ਵਲ ਹੈ ਤੇ ਇਸ ਤਰ੍ਹਾਂ ਹੋਰ ਤਿੰਨ ਕਿਲੇ ਬਦਲੇ ਵਿਚ ਲੈ ਕੇ ਰਾਇ ਅਲਿਆਸ ਦੀ ਮਦਦ ਕੀਤੀ ਹੈ, ਇਸੇ ਤਰ੍ਹਾਂ 'ਕਿਲ੍ਹਾ ਦਾਖਜ' ਵਾਲਾ ਭਾਈ ਲਾਲ ਸਿੰਘ ਕੈਂਥਲ ਨੇ ਲਿਆ ਹੋਰ ਆਪ ਤੋਂ ਕਿਸੇ ਤਰ੍ਹਾਂ ਅਸੀਂ ਵਿਰੁਧ ਨਹੀਂ ਹੋ ਸਕਦੇ ਅਤੇ ਅੰਗਰੇਜ ਵੀ ਸਾਡੇ ਆਸ਼ੇ ਨੂੰ ਸਮਝ ਕੇ ਹੀ ਕੰਨੀ ਕੱਤਰਾ ਗਿਆ ਹੈ। ਇਸ ਲਈ ਸਾਡੇ ਉਤੇ ਨਰਾਜ਼ਗੀ ਨ ਰਖਣੀ ਅਸੀਂ ਹਰ ਤਰ੍ਹਾਂ ਨਾਲ ਸੇਵਕ ਹਾਂ ਹੁਣ ਕਿਰਪਾ ਕਰੋ ਤੇ ਸਾਡੇ ਗ੍ਰਿਹ ਚਰਨ ਪਾ ਕੇ ਪਵਿਤ੍ਰ ਕਰੀਏ।

ਇਉਂ ਆਖ ਕੇ ਸ੍ਰੀ ਬਾਬਾ ਜੀ ਤੋਂ ਖਿਮਾਂ ਮੰਗੀ, ਤੇ ਸ੍ਰੀ ਬਾਬਾ ਜੀ ਨੇ ਵੀ ਦਿਆਲੂ ਹੋ ਕੇ ਗੁਰਵਾਕਾਂ ਅਨੁਸਾਰ 'ਜੋ ਸ਼ਰਣ ਆਵੈ ਤਿਸ ਕੰਠ ਲਾਵੈ' ਇਨ੍ਹਾਂ ਨੂੰ ਬਖਸ਼ ਦਿਤਾ, ਤੇ ਇਨ੍ਹਾਂ ਦੀਆਂ ਬੇਨਤੀਆ ਮੰਨ ਕੇ ਕੇਂਥਲ, ਫਿਰ ਨਾਭੇ ਪਟਿਆਲੇ ਨੂੰ ਗਏ।

---

(ਗੁਰਦੀਖਿਆ ਸਫਾ 9 ਦੀ ਬਾਕੀ)

ਜੁਵਾਹਿਰਾਤ ਦਾ ਬਨਜ ਹੈ। ਜੋ ਬਹੁਤਾ ਜਤਨ ਨਹੀਂ ਕਰਨਾ ਪਉਂਦਾ ॥

ਜੀਕੁਰ ਵੈਦਕ ਵਿਚ ਸਰੀਰਕ ਤੇ ਡਾਕਟਰੀ ਵਿਚ ਅਨਾਟਮੀ ਦੀ ਪੜ੍ਹਾਈ ਕਰਕੇ ਦੇਹ ਦੇ ਅੰਦਰ ਦਾ ਹਾਲ ਨਾੜੀ ਨਾੜੀ ਪ੍ਰਜੰਤ ਦੇਖਣਾ ਪਉਂਦਾ ਹੈ ਈਕੁਰ ਹੀ ਨਿਖੇਧੀ ਪੱਖ ਵਾਲੇ ਵੇਦਾਂਤੀ ਨੂੰ ਭੀ ਪੰਜਭੂਤਕ ਦੇਹ ਅਤੇ ਲਿੰਗ ਦੇਹ ਦੇ ਪੁਰਜ਼ੇ ਪੁਰਜ਼ੇ ਗ੍ਰੰਥ ਦੁਵਾਰਾ ਢੂੰਡਕੇ ਆਤਮਾ ਨੂੰ ਲਭਣ ਲਈ ਯਤਨ ਕਰਨਾ ਪਉਂਦਾ ਹੈ ਕਿ ਆਤਮਾ ਨੂੰ ਲਭਕੇ ਉਸ ਵਿਚ ਹੰਙਤਾ ਰੱਖਣ ਦੀ ਚਾਹ ਹੋਂਦੀ ਹੈ। ਪਰ ਏਹ ਫਰੋਲਾ ਫਰਾਲੀ ਈਕੁਰ ਹੈ ਜੀਕੁਰ ਕੋਈ ਫੂਲ ਸਾਹਮਣੇ ਰਖ ਕੇ ਉਸਦੀਆਂ ਪੰਖੜੀਆਂ ਨੂੰ ਫੋਲ ਫੋਲ ਕੇ ਦੇਖੇ, ਜੇ ਇਸ ਵਿਚ ਖ਼ੁਸ਼ਬੋਈ ਜੋ ਹੈ ਕਿਥੇ ਰੈਂਹਦੀ ਹੈ ਅਤੇ ਉਸ ਦੀ ਸੂਰਤ ਕੇਹੀਕੁ ਹੈ। ਇਸੀ ਲਈ ਅੰਨ ਮੈ, ਪ੍ਰਾਣ ਮੈ, ਮਨੋ ਮੈ, ਵਿਗਿਆਨ ਮੈਂ, ਅਨੰਦਮੈ, ਇਨਾਂ ਪੰਜਾਂ ਕੋਸ਼ਾਂ ਦੀ ਅਤੇ ਜਾਗ੍ਰਤ, ਸੁਪਨ, ਸਖੋਪਤ ਤੁਰੀਆ ਅਤੇ ਤੁਰੀਆ ਅਤੀਤ, ਇਨਾਂ ਅਵਸਥਾ ਦਾ ਨਿਰਨੈ ਅਤੇ ਨਿਸਚੈ ਕਰਨ ਵਿਚ ਯਤਨ ਕਰਨ ਦੀ ਲੋੜ ਹੋਂਦੀ ਹੈ ॥

ਅਤੇ ਵਿਧੀ ਪੱਖ ਵਾਲਿਆਂ ਨੂੰ ਅਪਣੇ ਕਾਰਜ ਦੇ ਸੁਧਾਰ ਕਰਨ ਲਈ ਇਨਾਂ ਗਲਾਂ ਦੀ ਲੋੜ ਨਹੀਂ ॥ ਇਕੋ ਵੇਰੀ ਬਣੇ ਬਣਾਏ ਸਰੀਰ ਵਿਚੋਂ ਅਭਿਮਾਨ ਆਪਣਾ ਦੂਰ ਕਰਕੇ ਤਨ ਮਨ ਸਭ ਵਾਹਿਗੁਰੂ ਦੇ ਅਰਪਣ ਕਰ ਦੇਣਾ ਪੈਂਦਾ ਹੈ। ਕਿਉਂ ਜਿ ਕਿਸੀ ਪਦਾਰਥ ਵਿਚ ਹੰਙਤਾ ਰਖਣ ਦੀ ਚਾਹ ਨਹੀਂ ਸੋ ਸਤਿ ਨਾਮ ਸ਼ਬਦ ਦੁਆਰਾ ਏਹ ਕਾਰਜ ਪ੍ਰੇਮੀ ਵਾਸਤੇ ਸਰੰਜਾਮ ਹੋ ਜਾਣਾ ਸੁਲਭ ਹੈ।

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗ

(ਪਿਛੋਂ ਤੋਂ ਅਗੇ)

ਅਥ ਕਥਾ ਪ੍ਰਸੰਗ—ਏਕ ਸਮੇਂ ਸ੍ਰੀ ਗੁਰੂ ਦ੍ਵਾਦਸ਼ਮੇਸ ਜੀ ਨਨਕਾਣੇ ਸਾਹਿਬ ਕੀ ਯਾਤਰਾ ਕਰਣੇ ਜਾਤੇ ਭਏ 1847 ਅਠਾਰਾਂ ਸੈ ਸੰਤਾਲੀਸ ਮੈ ਜਬ ਦਰਸ਼ਨ ਕਰਕੇ ਪੀਛੇ ਹਟੇ ਤਬ ਇਤਨੇ ਮੈ ਰਾਜਾ ਰਣਜੀਤ ਸਿੰਘ ਕਾ ਪਿਤਾ ਮਹਾਂ ਸਿੰਘ ਕਾਲਵਸ ਹੋ ਜਾਤੇ ਭਏ। ਸ੍ਰੀ ਗੁਰੂ ਸਾਹਿਬ ਸਿੰਘ ਜੀ ਮਹਾਂ ਸਿੰਘ ਕੀ ਮੁਕਾਨ ਦੇਨੇ ਵਾਸਤੇ ਇਸੀ ਮਾਰਗ ਹੋਕੇ ਆਵਤੇ ਭਏ। ਬਡਯਾਂ ਭੀੜਾਂ ਸੰਗਤਾਂ ਕੀਆਂ ਸ੍ਰੀ ਗੁਰੂ ਜੀ ਕੇ ਸਾਥ ਹੋਤਯਾਂ ਭਈਆਂ ਜਹਾਂ ਡੇਰਾ ਜਾਇ ਕੇ ਉਤਰੇ ਤਹਾਂ ਦਰਸਨ ਕਰਣੇ ਹਾਰੇ ਲੋਕੋਂ ਕੇ ਚਾਰੋਂ ਔਰ ਤੇ ਪ੍ਰਵਾਹ ਚਲੇ ਆਵਤੇ ਭਏ॥ ਆਪੋ ਆਪਨੀ ਸਾਮਰਥ ਕੇ ਅਨੁਸਾਰ ਭੇਟਾ ਲੇ ਲੈ ਕੇ ਸੰਗਤਾਂ ਚਲਯਾਂ ਆਵਤਯਾਂ ਹੈ ਕੋਈ ਕੋਈ ਸੁਖਣਾ ਕਾ ਪਦਾਰਥ ਲੀਏ ਆਵਤੇ ਹੈਂ ਕੋਈ ਦਰਸਨ ਹੀ ਕਰਨੇ ਕੋ ਆਵਤੇ ਹੈਂ ਕਯਾ ਧਨੀ ਔਰ ਕਯਾ ਨਿਰਧਨ ਤਿਸ ਸੱਚੇ ਦਰਬਾਰ ਮੈ ਸਭ ਸਮ ਭਾਵ ਹੈਂ ਦੂਰ ਸੇ ਹੀ ਸੰਗਤਾਂ ਸਬਦ ਗੁਰੂ ਜੀ ਕੇ ਗਾਵਤਯਾਂ ਚਲਯਾਂ ਆਵਤਯਾਂ ਹੈਂ ਬਾਲ ਬ੍ਰਿਧ ਮਾਈ ਬਾਬੂ ਸ੍ਰੀ ਗੁਰੂ ਜੀ ਕੇ ਦਰਸ਼ਨ ਕਰਤੇ ਹੈਂ ਮਹਾ ਰਾਜ ਜੀ ਕੇ ਆਗੇ ਭੇਟਾ ਰਖ ਰਖ ਕੇ ਦੂਰ ਸੇ ਹੀ ਨਮਸਕਾਰਾਂ ਕਰ ਕਰ ਕੇ ਪੀਛੇ ਹਟਤੇ ਜਾਤੇ ਹੈਂ ਮਹਾਂ ਰਾਜ ਜੀ ਕੇ ਲੰਗਰ ਕਾ ਪ੍ਰਸ਼ਾਦ ਦਾ ਟੁਕੜਾ ਬੜੀ ਸ਼ਰਧਾ ਕਰਕੇ ਮਾਂਗ ਮਾਂਗ ਕੇ ਲੈ ਕੇ ਖਾਤੇ ਹੈ ਦਰਸ਼ਨ ਕਰਕੇ ਨਿਹਾਲ ਹੋਤੇ ਹੈਂ ਆਪ ਕੋ ਕ੍ਰਿਤਕ ਮਾਨਤੇ ਹੈਂ॥ ਸ੍ਰੀ ਗੁਰੂ ਜੀ ਕੇ ਆਗੇ ਪੈਸੇ ਰੁਪਯੇ ਮੋਹਰਮੋਤੀ ਮੂੰਗ ਅਛੇ ਅਛੇ ਬਸਤਰ ਦੁਸ਼ਾਲੇ ਦੂਧ ਦਧਿ ਸੂਤ੍ਰ ਅੰਨਾਦਿ ਕੋਂ ਵਡੇ ਵਡੇ ਢੇਰ ਲਗ ਜਾਤੇਂ ਹੈਂ. ਨਿਤ ਹੀ ਕੁਛ ਇਕ ਦਿਨ ਕੀ ਨੁਵਾਨ ਬਾਤ ਨਹੀਂ ਹੈ॥ ਔ ਸ੍ਰੀ ਗੁਰੂ ਸਾਹਿਬ ਸਿੰਘ ਜੀ ਕਾ ਅਪਨੇ ਦਲ ਕੇ ਲੋਕੋਂ ਪ੍ਰਤੀ ਐਸਾ ਕਰੜਾ ਹੁਕਮ ਥਾ ਕੇ ਮਜਾਲ ਕਯਾ ਗਈ ਹੈ ਜੋ ਕਿਸੀ ਕੀ ਬਹੂ ਬੇਟੀ ਕੀ ਓਰ ਖੋਟੀ ਦ੍ਰਿਸ਼ਟੀ ਭੀ ਦੇਖ ਜਾਵੇ ਅਥਵਾ ਕਿਸੀ ਕੀ ਇਸਤ੍ਰੀ ਸੇ ਠੱਠਾ ਮਸਕਰੀ ਹਾਸੀ ਭੀ ਕਰ ਜਾਵੇ॥ ਜੇ ਕੋਈ ਕੁਛ ਕੁਕਰਮ ਕਰੇ ਭੀ ਤਬ ਮੋਢੇ ਪਾਸ ਸੇ ਭੁਜਾ ਔ ਮੋਟੇ ਪਟ ਸੇ ਲੱਤ ਤਿਸਕੀ ਕਟਾਇ ਦੇਤੇ ਥੇ ਸੋ ਗੁਰੂ ਜੀ ਸੇ ਡਰਤੇ ਹੂਏ ਮਾਤਾ ਜੀ ਭੈਣ ਜੀ ਕਰਕੇ ਬਿਗਨੀ ਬਹੂ ਬੇਟੀ ਕੋ ਮਹਾਰਾਜ ਜੀ ਕੇ ਸਿਖ ਬੁਲਾਤੇ ਥੇ।

ਜੈਸੇ ਜੇਸ਼ਟ ਅਖਾੜ ਕੇ ਮਾਸ ਕੋ ਮਧਯਾਨ ਕੋ ਸੂਰਜ ਤਪਤੋ ਹੈ ਤੈਸੇ ਤੇਜ ਸ੍ਰੀ ਗੁਰੁ ਜੀ ਕੋ ਹੋਤੇ ਭਯੇ॥ ਰਾਜਾ ਰਣਜੀਤ ਸਿੰਘ ਕੇ ਪਿਤਾ ਕੀ ਮੁਕਾਣ ਦੇਣੇਲੀਏ ਜਬ ਊਧੋ ਵਾਲੀ ਨਗਰ

ਮੇ ਮਹਾਰਾਜ ਜੀ ਆਏ ॥ ਤਬ ਬਡੇ ਸਤ ਕਾਰ ਸੇ ਰਾਜਾ ਰਣਜੀਤ ਸਿੰਘ ਕੀ ਮਾਈ ਤੇ ਰਣਜੀਤ ਸਿੰਘ ਸ੍ਰੀ ਗੁਰੂ ਜੀ ਕੋ ਲੇਨੇ ਵਾਸਤੇ ਆਇ ਕੇ ਬਡੀ ਧੂਮ ਧਾਮ ਸੇ ਅਪਨੇ ਨਗਰ ਕੇ ਸਮੀਪ ਡੇਰਾ ਦੇਤੇ ਭਏ ਤੰਬੂ ਕਨਾਤਾਂ ਘੱਪੇ ਲਾਗ ਜਾਤੇ ਭਏ ॥ ਮੁਕਾਣ ਦੇਕੇ ਸ੍ਰੀ ਗੁਰੂ ਜੀ ਅਪਨੇ ਡੇਰੇ ਮੈ ਆਇ ਬਿਰਾਜਤੇ ਭਏ ॥ ਔਰ ਭੀ ਕਹਨਯੇ ਭੰਗੀ ਸਰਦਾਰ ਸਿੰਘ ਪੁਰਯੇ ਰਾਮ ਗੜੀਏ ਬੁਢੇ ਦਲ ਆਦਿਕ ਸਾਰੇ ਸ਼ਰਦਾਰ ਭੀ ਮਹਾਂ ਸਿੰਘ ਕੀ ਮੁਕਾਨ ਦੇਨੇ ਵਾਸਤੇ ਊਧੋ ਵਾਲਯੇ ਆਵਤੇ ਭਏ ॥ ਰਣਜੀਤ ਸਿੰਘ ਕੀ ਮਾਈ ਨੇ ਸਭ ਸਰਦਾਰੋਂ ਕਾ ਯਥਾ ਯੋਗਯ ਸਤਕਾਰ ਕੀਆ ਡੇਰਾ ਦੀਆ ਰਸਤ ਸਭ ਕੇ ਡੇਰੇ ਪਹੁਚਾਈ ॥ ਅਗਲੇ ਦਿਨ ਜਬ ਕਾਨ ਦੇ ਚੁਕੇ ਤਬ ਸਭ ਸਰਦਾਰੋ ਸਲਾਹ ਮਿਲਕੇ ਕਰੀ ਜੋ ਏਹੁ ਕਾਣਾ ਦੇਉ ਬਡੋ ਪ੍ਰਬਲ ਤੇਜਸ੍ਵੀ ਮਾਲੂਮ ਹੋਤੋ ਹੈ ਔ ਯੇਹ ਹਮ ਸਭ ਕੋ ਦੁਖ ਦੇਵੇਗੋ ਸਭ ਕੇ ਰਾਜ ਸਾਜ ਛੀਨ ਲੇਵੇਗੋ ਯਾਂਤੇ ਅਬ ਹੀ ਇਸਕੋ ਭੀ ਮੁਕਾਇ ਕੇ ਇਸ ਕੀ ਕਾਣ ਭੀ ਦੇ ਚਲੇਂ। ਕਾਹੇ ਤੇ ਜਮਤੇ ਹੂਏ ਵਿਖ ਕੇ ਬੂਟੇ ਕੀ ਜੜ ਉਖਾੜ ਡਾਰਯੇ ਤਬ ਤੋ ਸੁਖੇਨ ਹੀ ਉਖੜ ਜਾਤੋ ਹੈ ਔ ਜਬ ਬਹੁਤ ਬਢ ਜਾਤੋ ਹੈ ਤਬ ਉਖਾੜ ਨੋ ਕਠਿਨ ਹੋ ਜਾਤੋ ਹੈ ਜਬ ਕੋਈ ਉਸਕੇ ਫਲ ਭਖਣ ਅਨ ਜਾਣ ਪਣੇ ਸੇ ਕਰ ਲੇਤੋ ਹੈ ਤਬ ਮਰ ਜਾਤੋ ਹੈ ॥ ਤੈਸੇ ਯੇਹ ਕਾਣੋ ਦੇਵ ਭੀ ਜਬ ਪਾਂਵ ਦ੍ਰਿੜ ਬਾਂਧ ਜਾਇ ਗੋ ਅਰਥਾਤ ਸੈਨਾ ਧਨ ਕਰਕੇ ਪੂਰਣ ਹੋ ਜਾਇ ਗੋ ਤਬ ਮਾਰਨੋ ਕਠਿਨ ਹੋ ਜਾਇ ਗੋ ॥ ਤਥਾਚ ਸ਼ਾਸਤ੍ਰੇ ਉਤਿਸਟ ਮਨਿਸਤੁ ਪਰੋਨੋ ਪੇਖਯਾ ਪਥ ਮਿਛਤਾ ॥ ਸਮੇਂ ਹਿ ਸਿਸਟੈ ਰਾਮ ਨਾ ਤੋ ਵਰਤਯੰਤ:ਆਮਯ:ਸਚ ॥ ੧ ॥

ਟੀ:—ਸੁਖ ਪਾਪਤੀ ਕੀ ਇਛਾ ਵਾਲੇ ਪੁਰਸ਼ ਨੇ ਉਠੇ ਹੂਏ ਸਤ੍ਰ ਔ ਰੋਗ ਕੋ ਭੁਲਾਨਾ ਨਾ ਚਾਹਿਯੇ ਤਾਤ ਕਾਲ ਹੀ ਬਧ ਕਰ ਦੇਨੇ ਚਾਹਯੇ ਕਾਹੇਤੇ ਰੋਗ ਔ ਸਤਰੂ ਬਢੇ ਹੂਏ ਅਸਾਧਯ ਹੋ ਜਾਤੇ ਹੈ ਤਬ ਵਸ ਮੇ ਨਹੀ ਆਵਤੇ ਹੈ ॥ ੧ ॥ ਯਾਂਤੇ ਕਾਂਣੇ ਦੇਵ ਕੋ ਅਬਹੀ ਮੁਕਾਇ ਮਾਰਣੇ ਚਾਹਯੇ ॥ ਰਾਤ੍ਰੀ ਕੇ ਸਮੇ ਐਸੇ ਮੰਤ੍ਰ ਪਕਾਇ ਕੇ ਸਭੀ ਰਾਜਾ ਲੋਕ ਆਪ ਆਪਨੇ ਡੇਰਯੋਂ ਮੇ ਜਾਇ ਨਿਵਾਸ ਕਰਤੇ ਭਏ ॥ ਜਬ ਪ੍ਰਾਤਹ ਕਾਲ ਹੂਆ ਤਬ ਰਣਜੀਤ ਸਿੰਘ ਕੇ ਮਾਰਣੇ ਕੀ ਇਛਾ ਕਰਕੇ ਸਭੀ ਰਾਜਾ ਲੋਕ ਤਯਾਰੀ ਕਰਕੇ ਆਵਤੇ ਭਏ। ਤਬ ਉਨ ਕੇ ਆਵਨੇ ਸੇ ਪਹਿਲੇ ਹੀ ਕਿਸੀ ਦਯਾ ਵਾਨ ਪੁਰਖ ਨੇ ਰਣਜੀਤ ਸਿੰਘ ਕੋ ਖਬਰ ਕਰਦਈ ਜੋ ਹੇ ਰਾਜਨ ਤੇਰੇ ਮਾਰਣੇ ਵਾਸਤੇ ਸਭੀ ਰਾਜਾ ਲੋਕ ਚਲੇ ਆਵਤੇ ਹੈ ਜੋ ਕੁਛ ਤੇਰੇ ਸੇ ਅਪਨੇ ਸਰੀਰ ਕੋ ਬਚਾਵਨੇ ਕਾ ਉਪਾਉ ਬਨ ਸਕਤੋ ਹੈ ਤਬ ਝੱਟ ਪੱਟ ਕਰਲੇ ਜਬ ਵੋ ਸਿਰ ਸੇ ਤੁਝ ਕੇ ਆਇ ਪਕਰੈ ਗੇ ਤਬ ਕੁਛ ਭੀ ਉਪਾਇ ਨ ਬਨ ਸਕੇ ਗੇ ॥

ਤਿਸ ਪੁਰਖ ਕੀ ਬਾਤ ਸੁਣ ਕੇ ਰਣਜੀਤ ਸਿੰਘ ਕੀ ਮਾਈ ਤੇ ਰਣਜੀਤ ਸਿੰਘ ਬਡੇ ਭੈ ਭੀਤ ਹੋਤੇ ਭਏ ਔ ਅਪਨੇ ਬਚਾਉ ਕਾ ਕੋਈ ਭੀ ਉਪਾਉ ਨ ਦੇਖਤੇ ਹੂਏ ਭਾਗ ਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਤ੍ਰਾਹਿ ਤ੍ਰਾਹਿ ਸਰਣਿ ਐਸੇ ਕਹਤੇ ਹੂਏ ਸਰਣੀ ਆਇ ਪਰੇ ਸਰਦਾਰੋਂ ਸੇ ਡਰਤੀ ਹੂਈ ਰਣਜੀਤ ਸਿੰਘ ਕੀ ਮਾਈ ਨੇ ਰਣਜੀਤ ਸਿੰਘ ਕੋ ਬਾਬੇਜੀ ਕੇ ਪ੍ਰਜੰਕ ਕੇ ਨੀਚੇ ਛਿਪਾਇ ਦੀਆ ਔ ਆਪ ਥਰ ਥਰ ਕਾਂਪਤੀ ਹੂਈ ਹਜ਼ੂਰ ਕੇ ਆਗੇ

ਦੋਨੋਂ ਹਾਥ ਜੋੜ ਕੇ ਸਿਰ ਨਿਵਾਇ ਕੇ ਬੜੀ ਉਸਤਤੀ ਕਰਤੀ ਭਈ ॥ ਹੇ ਸ੍ਰੀ ਗੁਰੂ ਜੀ ਗਰੀਬ ਨਿਵਾਜ ਜੀ ਜੈਸੇ ਹਿਰਣਯ ਕਸਪੁ ਸੇ ਪ੍ਰਹਲਾਦ ਕੀ ਥੰਬ ਸੇ ਨਿਕਸ ਕੇ ਰਖਯਾ ਕਰੀ ਹੈ ਔ ਜੈਸੇ ਦੁਰਯੋਧਨ ਕੀ ਸਭਾ ਮੈ ਦੁਸ਼ਟ ਦੁਸਾਸਨ ਸੇ ਦ੍ਰਪਤ ਸੁਤਾ ਕੀ ਆਪ ਨੇ ਰਖਯਾ ਕਰੀ ਹੈ ਔ ਜੈਸੇ ਤੰਦੂਏ ਸੇ ਆਪ ਨੇ ਗਜ ਕੀ ਰਖਯਾ ਕਰੀ ਹੈ ਔ ਜੈਸੇ ਬਧਕ ਸੇ ਮ੍ਰਿਗਨੀ ਕੀ ਆਪ ਨੇ ਕਰੀ ਹੈ ਇਤਯਾਦੀ ਬਹੁਤ ਸੀ ਉਸਤਤੀ ਕਰਕੇ ਕਹਤੀ ਭਈ ॥ ਹੇ ਭਗਵਾਨ ਮੈਂ ਅਨਾਥ ਬਿਧਵਾ ਏਕ ਪੁਤ੍ਰਾ ਨਿਰਬਲ ਅਬਲਾ ਮੁਝ ਅਨਾਥਨੀ ਕੇ ਪੁਤ੍ਰ ਕੋ ਯੇ ਸਾਰੇ ਸਰਦਾਰ ਮਾਰਯਾ ਚਾਹਤੇ ਹੈਂ ਇਨ ਪ੍ਰਬਲ ਰਾਜਯੋ ਸੇ ਮੇਰੀ ਔ ਮੇਰੇ ਪੁਤਰ ਕੀ ਰਖਯਾ ਕਰੋ ।ਐਸੀ ਐਸੀ ਬੇਨਤੀ ਮਹਾਂ ਸਿੰਘ ਕੀ ਪਤਨੀ ਕੀ ਸੁਣ ਕੇ ਸਾਹਿਬ ਤਿਸ ਕੋ ਧੀਰਯ ਦੇਤੇ ਹੂਏ ਬਚਨ ਕਰਤੇ ਭਏ ॥

॥ ਸ੍ਰੀ ਗੁਰੂ ਉਵਾਚ ॥ ਹੇ ਪੁਤਰੀ ਤੂੰ ਧੀਰਯ ਕਰ ਓਧਰ ਮਤ ਹਮ ਤੇਰੇ ਹੀ ਪੁਤ੍ਰ ਕੋ ਸਭ ਰਾਜਯੋਂ ਕਾ ਸਿਰ ਤਾਜ ਬਨਾਵੇਂਗੇ । ਇਸ ਪ੍ਰਕਾਰ ਸੇ ਰਣਜੀਤ ਸਿੰਘ ਕੀ ਮਾਈ ਕੋ ਉਪਦੇਸ਼ ਕਰ ਰਹੇ ਥੇ ਜੋ ਰਣਜੀਤ ਸਿੰਘ ਕੋ ਖੋਜਤੇ ਹੂਏ ਸਾਰੇ ਸਰਦਾਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਹਜ਼ੂਰ ਆਇਕੇ ਨਿਮਸ਼ਕਾਰ ਕਰਕੇ ਬੈਠ ਜਾਤੇ ਭਏ ਪਰੰਤੂ ਉਨ ਰਾਜਯੋ ਕੇ ਤੌਰ ਬੇ ਤੌਰ ਦੇਖ ਕੇ ਸਾਹਿਬ ਏਹ ਬਚਨ ਕਰਤੇ ਭਏ ਕੇ ਤੁਮ ਸਰਬ ਹਮਾਰਾ ਏਕ ਬਚਨ ਮਾਨੋ ਇਸ ਹਮਾਰਾ ਬਚਨ ਮਾਨਨੇ ਸੇ ਤੁਮ ਕੋ ਬਡੇ ਸੁਖ ਪ੍ਰਾਪਤੀ ਹੋਵੈਗੀ ॥ ਔ ਤੁਮਾਰੇ ਰਾਜਕੀ ਬ੍ਰਿਧੀ ਹੋਵੇਗੀ । ਪ੍ਰੰਤੂ ਪੋਤ੍ਰ ਧਨ ਧਾਨ ਪਸ਼ੂ ਦੂਧ ਕਰਕੇ ਫੂਲੋ ਫਲੋਗੇ ॥

ਹਜ਼ੂਰ ਕੇ ਐਸੇ ਬਚਨ ਸੁਣ ਕੇ ਰਾਜ ਬਲ ਧਨ ਸੈਨਾ ਹੁਕਮ ਰੂਪੀ ਮਦਰਾ ਕੋ ਪਾਨ ਕਰਕੇ ਮਸਤ ਹੂਏ ੨ ਸਰਬ ਰਾਜੇ ਬੋਲੇ ਕੇ ਹੇ ਗੁਰੂ ਜੀ ਏਕ ਬਚਨ ਕਯਾ ਆਪਕੇ ਅਨੇਕਨ ਬਚਨ ਮਾਨੈ ਗੇ ਪਰੰਤੂ ਰਣਜੀਤ ਸਿੰਘ ਕੀਆਂ ਬਾਹਾਂ ਹਮਕੋ ਦੋ ਡਾਰੇ।

ਰਾਜਯੋਂ ਕੇ ਵਾਕ ਕੋ ਸੁਣ ਕੇ ਸਿੰਘ ਕੇ ਸਮਾਨ ਗਰਜ ਕੇ ਹਜ਼ੂਰ ਨੇ ਬਚਨ ਕੀਆ ਕਯਾ "ਸਿੰਘ ਮੂਛ ਭੁਜੰਗ ਮਣਿ ਸੂਰੇ ਸਰਣ ਪਯਾ, ਕ੍ਰਿਪਨ ਕੇ ਘਰ ਲਛਮੀ ਚਾਰੇ ਦੇਨ ਮੁਇਆ ।" ਹੇ ਰਾਜਾ ਲੋਕੋ ਹਮ ਸਰਣਾ ਗਤਿ ਕੋ ਕਬੀ ਭੀ ਨ ਦੇਵੇਂ ਗੇ ॥ ਜੇ ਤੁਮ ਕੋ ਅਪਨੇ ਰਾਜ ਭਾਗ ਕੀ ਉਨਤੀ ਕੀ ਇਛਾ ਹੈ ਤੋ ਤੁਮ ਸਭੀ ਰਾਜਾ ਲੋਕ ਰਣਜੀਤ ਸਿੰਘ ਕੀ ਆਗਿਆਨੁਸਾਰੀ ਹੋ ਜਾਵੋ ਹਮ ਤੁਮ ਕੋ ਇਸ ਕੋ ਅਗਯਾਨੁਸਾਰੀ ਬਨਾਤੇ ਹੈ ਔ ਤੁਮ ਉਲਟਾ ਇਸ ਕੇ ਮਾਰਣੇ ਲੀਏ ਇਸਕੀਆਂ ਬਾਹਾਂ ਮਾਂਗਤੇ ਹੋ ਤਬ ਹਮ ਤੁਮ ਕੋ ਸਰਣਾਗਤ ਕੀ ਬਾਹਾਂ ਨਹੀਂ ਦੇ ਸਕਤੇ ਕਾਹੇ ਤੇ ਤੁਮ ਇਸ ਕੇ ਬਾਪ ਕੀ ਮੁਕਾਣ ਦੇਣੇ ਆਏ ਹੋ ਕੇ ਉਲਟਾ ਇਸ ਕੋ ਭੀ ਮੁਕਾਨੇ ਆਏ ਹੋ ॥ ਜੋ ਤੁਮ ਸਰਬ ਸਰਦਾਰ ਆਪਣਾ ਭਲਾ ਚਾਹਤੇ ਹੋ ਤਬ ਰਣਜੀਤ ਸਿੰਘ ਕੇ ਗਲੇ ਮੇਂ ਤਰਵਾਰ ਪਾਇਕੇ ਇਸ ਕੋ ਅਪਨੇ ਸਿਰ ਪਰ ਰਾਜਾ ਧਿਰਾਜ ਅਪਣਾ ਸਵਾਮੀ ਰਖਯਕ ਅਸਥਾਪਨ ਕਰੋ । ਜੇ ਹਮਾਰਾ ਬਚਨ ਨ ਮਾਨੋਗ ਤਬ ਦੁਖ ਪਾਵੋਗੇ ॥ ਕੁਛਕ ਕੋਪ ਸੰਯੁਕਤ ਸਾਹਿਬ ਕੇ ਬਚਨੋਂ ਕੋ ਸੁਣ ਕੇ ਰਾਜਾ ਲੋਕ ਭੀ ਸਕੋਪ ਹੋ ਕੇ ਬੋਲੇ ॥ ਸਾਹਿਬ ਜੀ ਆਪ ਬੇਦੀ ਸਾਹਿਬ ਜਾਦੇ ਸ੍ਰੀ ਗੁਰੂ ਨਾਨਕ ਜੀ ਕੀ ਅੰਸ਼ ਹੈ ਆਪ ਕੋ ਤੋ ਹਮ ਕੁਛ ਨਹੀਂ ਕਹਿ ਸਕਤੇ ਆਪ ਹੀ ਇਸ ਰਣਜੀਤ ਸਿੰਘ ਕੇ ਗਰੇ ਮੇ ਤਰਵਾਰ

ਡਾਰ ਕੇ ਰਾਜਾ ਧਿਰਾਜ ਬਨਾਇ ਦੇਵੋ ਔ ਹਮ ਤੋ ਇਸ ਕੋ ਮਾਰ ਹੀ ਡਾਰੈਂਗੇ। ਫਿਰ ਭੀ ਹਜੂਰ ਨੇ ਸ਼ਾਂਤਿ ਪੂਰਬਕ ਬਚਨ ਕੀਆ ਤੁਮ ਐਸਾ ਨ ਕਰੋ ਏਕਤੋ ਏਹੁ ਆਪ ਭੀ ਬਹਾਦੁਰ ਹੈ ਦੂਸਰਾ ਹਮ ਭੀ ਇਸ ਕੇ ਸਹਾਯਕ ਹੈਂ ਤੀਸਰਾ ਯੇਹ ਰਣਜੀਤ ਸਿੰਘ ਤੁਮਾਰੇ ਭੀ ਬਹੁਤ ਕਾਮ ਆਵੇਗੋ ਤੁਮ ਲੋਕ ਇਸ ਕੋ ਖਾਲੀ ਨਜ਼ਰ ਭੇਟ ਦੀਆ ਕਰੋ ਅਪਨਾ ਬਾਦਸ਼ਾਹ ਜਾਣ ਕੇ ॥ ਮਿਲਕੇ ਰਹਨੇ ਅਛੇ ਹੋਤੇ ਹੈ ਦੇਖੋ ਪਠਾਨ ਆਦਿਕ ਬਹੁਤ ਸਾਰੇ ਸ਼ਤਰੂ ਤੁਮਾਰੇ ਸਿਰ ਪਰ ਬੈਠੇ ਹੈ ਇਸ ਲੀਏ ਆਪਸ ਮੈ ਫੋਟਕ ਨਾਹੀ ਚਾਹੀਏ ਹਮਾਰਾ ਬਚਨ ਮਾਨ ਕੇ ਮਿਲਕੇ ਰਹੋਗੇ ਤਬ ਸੁਖ ਪਾਵੋਗੇ ਨਹੀਂ ਫਿਰ ਤੁਮਾਰੀ ਮਰਜੀ ਰਹੀ।

ਫਿਰ ਭੀ ਹਜ਼ੂਰ ਕੇ ਵਚਨ ਕੋ ਕੁਪਥ ਜਾਨ ਕੇ ਰਾਜਾ ਲੋਕ ਏਹੀ ਉਤਰ ਦੇਤੇ ਭਏ ਆਪ ਕੀ ਇਛਾ ਆਵੇ ਸੋ ਕਰੋ ਪਰੰਤੂ ਹਮਨੇ ਤੋ ਇਸ ਕਾਂਣੇ ਦੇਵ ਕੋ ਮੁਕਾਇ ਹੀ ਦੇਣੇ ਹੈ ॥ ਕੁਛ ਕੋਪ ਯੁਕਤ ਹੋਕੇ ਸਾਹਿਬ ਬਚਨ ਕਰਤੇ ਭਏ ਅਛੀ ਤੁਮ ਕਾਣ ਦੇਨੇ ਕੋ ਆਇ ਹੋ ਕੇ ਇਸ ਕੀ ਕਾਣ ਹੀ ਮਕਾਨੇ ਆਏ ਹੋ ॥ ਐਸੇ ਬਚਨ ਕਰਕੇ ਅਪਨੇ ਪ੍ਰਯੰਕ ਕ ਨੀਚੇ ਸੇ ਰਣਜੀਤ ਸਿੰਘ ਕੋ ਕੇਸੋਂ ਕੇ ਜੂੜੇ ਸੇ ਪਕੜ ਕੇ ਬਾਹਰ ਨਿਕਾਸ ਕੇ ਅਪਨੇ ਗਾਤਰੇ ਸੇ ਤਰਵਾਰ ਉਤਾਰ ਕੇ ਰਣਜੀਤ ਸਿੰਘ ਕੇ ਗਾਤਰੇ ਪਾਇਕੇ ਬਚਨ ਕੀਆ ਕੇ ਜਾਹੁ ਰੇ ਸਾਰੇ ਗਾਹਣੇ ਭੇਨ ਕੇ ਇਕੋ ਹੱਸ ਘੜਯਾ ਬਣਾਯਾ ਅਪਨੇ ਆਗੇ ਰਣਜੀਤ ਸਿੰਘ ਕੋ ਬੈਠਾਇ ਕੇ ਏਹ ਭੀ ਬਚਨ ਕੀਆ ਲੇਹੁ ਰੇ ਰਣਜੀਤ ਸਿੰਘ ਤੂੰ ਅਜ ਸੇ ਲੈਕੇ ਰਣ ਕੇ ਜੀਤਨੇ ਹਾਰੇ ਸਾਰਥਿਕ ਨਾਮ ਅਬ ਤੇਰੇ ਹੂਆ ਹੈ ਹਮਾਰੇ ਬਚਨ ਸੇ ਰਾਜਾ ਧਿਰਾਜ ਤੂੰ ਅਜ ਸੇ ਹੂਆ ਇਨ ਰਾਜਯੋਂ ਕੀਆਂ ਰਾਣਯਾਂ ਤੇਰੀ ਅਗਿਆਕਾਰ ਹੋਵੈਂ ਗੀਆਂ।

ਸ੍ਰੀ ਗੁਰੂ ਜੀ ਕੇ ਸਮੀਪ ਹੀ ਭਾਈ ਮਨਸਾ ਸਿੰਘ ਜੀ ਬੈਠੇ ਥੇ ਮਹਾਂ ਰਾਜ ਜੀ ਕੇ ਵਰਾਤਮਿਕ ਐਸੇ ਵਚਨ ਸੁਣ ਕੇ ਉਨੋ ਨੇ ਕਹਯਾ ਸੱਚੇ ਪਾਤ ਸਾਹੂ ਜੀ ਜੇ ਹੰਸ ਭਾਰੀ ਹੋ ਜਾਵ-ਤਬ ਹੰਸ ਗਲ ਕੇ ਹਾਂਡ ਕੋ ਭੀ ਤੋੜਨੇ ਲਾਗ ਜਾਤੇ ਹੈ ॥ ਤੈਸੇ ਹੀ ਮੂਰਖ ਅਪਨੀ ਪੂਰਬਲੀ ਅਵਸਥਾ ਕੋ ਜਾਨਤੇ ਨਹੀਂ ਹੈ ਔ ਜਿਸ ਕੇ ਉਪਕਾਰ ਸੇ ਵਧ ਤੇ ਹੈ ਤਿਸੀ ਕਾ ਹੀ ਅਪਕਾਰ ਕਰਨੇ ਲਾਗ ਜਾਤੇ ਹੈ ਵਰਾਕ ਕੋ ਬਹੁਤ ਵਧਾਵਨੇ ਔ ਕੰਗਾਲ ਕੋ ਬਹੁਤ ਪੇਟ ਭਰਣੇ ਆਛੇ ਨਹੀਂ ਹੋਤੇ ਹੈ ਕਾਹੇ ਤੇ ਤਿਸ ਤੇ ਬਿਕਾਰ ਪੈਦਾ ਹੋਤੇ ਹੈ ॥ ਰਾਵਣ ਜੈਸੇ ਸ੍ਰੀ ਮਹਾਂ ਦੇਵ ਜੀ ਕੇ ਵਰ ਪ੍ਰਦਾਨ ਕੇ ਪ੍ਰਭਾਵ ਸੇ ਤੀਨੋ ਲੋਕੋਂ ਕੋ ਜੀਤ ਕੇ ਭੁਜ ਦੰਡ ਕੇ ਬਲ ਸੇ ਬਵਰੇ ਹੂਆ ਹੂਆ ਸ੍ਰੀ ਮਹਾਂ ਦੇਵ ਜੀ ਕੇ ਘਰ ਕੈਲਾਸ ਕੋ ਉਠਾਇ ਕੇ ਤੋਲਨੇ ਲਾਜ ਜਾਤੇ ਭਯੇ ਜੋ ਦੇਖੋ ਤੇ ਸਹੀ ਕੈਲਾਸ ਕਿਤਨੇਕ ਭਾਰੀ ਹੈ। ਧ੍ਰਵ ਮੂਪ ਚਿਤੋ ਮੁਹਯਤਿ ਖਲਾ: ॥ ਅਰਥਾਤ ਬ੍ਰਿਧੀ ਕੋ ਪ੍ਰਾਪਤ ਕੀਆ ਹੂਆ ਮੂਢ ਮੋਹ ਕੋ ਪ੍ਰਾਪਤ ਹੋ ਜਾਤੇ ਹੈ। ਪੁਨਾ ਮੋਹ ਕਰਕੇ ਪ੍ਰਮਤ ਹੂਆ ਹੂਆ ਬੜੇ ਛੋਟੇ ਅਪਨੇ ਬਿਗਾਨੇ ਨਹੀ ਦੇਖਤੇ ਹੈ ਧਰਮ ਕੋ ਨਹੀਂ ਵਿਚਾਰਤੇ ਹੈ ਇਕ ਸਾਰ ਸਭ ਕੋ ਅਪਰਾਧ ਕਰਣੇ ਲਾਗ ਜਾਤੇ ਹੈ ਯਾਤੇ ਕੰਗਾਲ ਕੋ ਅਤਯੰਤ ਬਢਾਨੇ ਨੀਤੀ ਕੇ ਜਾਨਨੇ ਹਾਰੇ ਆਛੇ ਨਹੀ ਮਾਨਤੇ ਹੈ ਆਗੇ ਆਪ ਸਰਬਗ ਹੋ ਸਭੀ ਕੁਛ ਜਾਨਤੇ ਹੀ ਹੋ ਇਸ ਪ੍ਰਕਾਰ ਕੇ ਭਾਈ ਮਨਸਾ ਸਿੰਘ ਕੇ ਬਚਨ ਸੁਣ ਕੇ ॥




ਪਿੰਡ ਮਨਸੂਰਾਂ (ਲੁਧਿਆਣਾ) ਦਮਦਮਾ ਅਸਥਾਨ ਤੇ ਪੁਜਣ ਸਮੇਂ ਮੁਖ ਮੰਤਰੀ ਜੀ ਦਾ ਸੰਗਤ ਵਲੋਂ ਨਿੱਘਾ ਸਵਾਗਤ ਸ੍ਰੀ ਬਾਬਾ ਸਰਬਜੋਤ ਸਿੰਘ ਜੀ ਸਪੁਤਰ ਸ੍ਰੀ ਹਜ਼ੂਰ ਸਵਾਗਤ ਵਜੋਂ ਸੇਹਰਾ ਪਹਿਣਾ ਰਹੇ ਹਨ ।



ਦਮਦਮਾ ਅਸਥਾਨ ਤੇ ਦੀਵਾਨ ਵਿਚ ਸੰਗਤਾਂ ਦਾ ਦ੍ਰਿਸ਼—ਸ੍ਰੀ ਹਜ਼ੂਰ, ਮੁਖ ਮੰਤਰੀ, ਸ: ਆਤਮਾ ਸਿੰਘ ਜੀ ਵਿਕਾਸ ਮੰਤਰੀ ਤੇ ਹੋਰ ਪਤਵੰਤੇ



ਦੀਵਾਨ ਅਸਥਾਨ ਵਿਖੇ ਸ੍ਰੀ ਹਜ਼ੂਰ—ਮੁਖ ਮੰਤਰੀ—ਵਿਕਾਸ ਮੰਤਰੀ—ਜ਼ਰਾਇਤ ਮੰਤਰੀ
ਸ: ਦਲੀਪ ਸਿੰਘ ਤਲਵੰਡੀ ਤੇ ਹੋਰ ਪਤਵੰਤੇ



ਸ੍ਰੀ ਹਜ਼ੂਰ ਬਾਬਾ ਜੀ, ਮੁਖ ਮੰਤਰੀ ਜੀ ਨੂੰ ਦਮਦਮਾ ਅਸਥਾਨ ਵਿਖੇ ਸਤਿਕਾਰਦੇ ਹੋਏ
ਸ੍ਰੀ ਸਾਹਿਬ ਤੇ ਸਿਰੋਪਾਓ ਦੇ ਰਹੇ ਹਨ ।

ਸ੍ਰੀ ਗੁਰੂ ਉਵਾਚ ॥ ਹੇ ਭਾਈ ਮਨਸਾ ਸਿੰਘ ਜੀ ਸਚ ਹੈ ਤੁਮਾਰੇ ਬਚਨ ਤਥਾਪੀ ਜਿਸ ਪਾਣੀ ਸੇ ਬ੍ਰਿਛ ਉਤਪਤ ਹੋਤੇ ਹੈ ਫਿਰ ਤਿਸੀ ਪਾਨੀ ਸੇ ਮਾਰਯੋ ਭੀ ਜਾਤੇ ਹੈ ਜਬ ਬ੍ਰਿਛ ਪਾਨੀ ਕੇ ਕ੍ਰਿਤ ਉਪਕਾਰ ਕੋ ਨਹੀਂ ਜਾਨਤੇ ਹੈ ਤਬ ਕੋਪ ਕਰਕੇ ਤਿਸੀ ਬ੍ਰਿਛ ਕੋ ਪਾਨੀ ਸੀਤ ਰੂਪ ਹੋ ਕੇ ਬਰਫ ਰੂਪ ਹੋ ਕੋ ਗੜਾ ਰੂਪ ਹੋ ਕੇ ਅਪਨੀ ਅਪ੍ਰਾਪਤੀ ਸੇ ਤਿਸ ਬ੍ਰਿਛ ਕੋ ਸੁਕਾਇ ਡਾਰਤੇ ਹੈ ਜਿਸ ਕੋ ਬਨਾਨੇ ਕੀ ਸਮਰਥਾ ਹੈ ਮਨਸਾ ਸਿੰਘ ਜੀ ਤਿਸ ਕੋ ਭੰਨਨੇ ਕੀ ਭੀ ਸਮਰਥਾ ਹੈ। ਐਸੇ ਵਰ ਪ੍ਰਦਾਨ ਦੇਕੇ ਰਣਜੀਤਸਿੰਘ ਕੋ ਰਾਜਾ ਧਿਰਾਜ ਬਨਾਇ ਕੇ ਮਾਈ ਸਣੇ ਬਿਦਾ ਕਰਤੇ ਭਏ ਔਰ ਰਾਜਾ ਲੋਕ ਹਜ਼ੂਰ ਕਾ ਬਚਨ ਨ ਮਾਨਨ ਰੂਪ ਹੇਤੂ ਸੇ ਸ੍ਰਾਪ ਕੋ ਪ੍ਰਾਪਤ ਹੋਕੇ ਨਿਰਾਸ ਹੋ ਕੇ ਉਠ ਜਾਤੇ ਭਏ।

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਮੈਮੋਰੀਅਲ ਹਸਪਤਾਲ ਮਨਸੂਰਾਂ

19 ਮਾਰਚ 1978 ਨੂੰ **ਸ੍ਰੀਮਾਨ ਸ: ਆਤਮਾ ਸਿੰਘ ਜੀ** ਵਿਕਾਸ ਮੰਤਰੀ ਪੰਜਾਬ ਨੇ ਮਰਦਾਨਾ ਵਾਰਡ ਦਾ ਉਧਘਾਟਨ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਕੀਤਾ ਸੀ।

---

ਸ਼੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਨੇ ਜਨਾਨਾ ਵਾਰਡ ਲੱਖਾਂ ਰੁਪਿਆ ਖਰਚ ਕਰ ਕੇ ਮੁਕੰਮਲ ਕਰ ਦਿਤਾ ਹੈ। ਜੋ ਕਿ ਇਹ ਮਹਾਨ ਕੰਮ ਸੀ।

16 ਜੂਨ 1978 ਨੂੰ

**ਸ: ਪ੍ਰਕਾਸ਼ ਸਿੰਘ ਜੀ ਬਾਦਲ** ਮੁਖਮੰਤਰੀ ਪੰਜਾਬ ਨੇ ਬੜੀ ਕ੍ਰਿਪਾ ਨਾਲ ਇਥੇ ਪੁਜਕੇ ਇਸ ਜਗ੍ਹਾ ਨੂੰ ਹਸਪਤਾਲ ਦਾ ਦਰਜਾ ਦਿਤਾ ਤੇ ਉਧਘਾਟਨ ਫਰਮਾਇਆ।

ਇਹ ਹਸਪਤਾਲ ਹੁਣ 24 ਪਲੰਗ ਮਰੀਜ਼ਾਂ ਦਾ ਬਣ ਚੁਕਾ ਹੈ। ਪੂਰਾ ਫ਼ਰਨੀਚਰ ਸ੍ਰੀ ਹਜ਼ੂਰ ਨੇ ਹਸਪਤਾਲ ਲਈ ਤੀਹ ਹਜ਼ਾਰ ਰੁਪਏ ਦੀ ਲਾਗਤ ਨਾਲ ਮੰਗਵਾ ਕੇ ਦੇ ਦਿਤਾ ਹੈ। ਇਸ ਸਮੇਂ ਇਹ ਹਸਪਤਾਲ ਸੰਗਤਾਂ ਦੀ ਸੇਵਾ ਵਿਚ ਲਗਾ ਹੋਇਆ ਹੈ। ਨੌਜਵਾਨ ਡਾਕਟਰ ਸ. ਸੁਰਜੀਤ ਸਿੰਘ ਧੀਰ M.BB.S. ਸੇਵਾ ਕਰ ਰਹੇ ਹਨ ਜਿਨ੍ਹਾਂ ਦੇ ਹਥ ਵਿਚ ਸਤਿਗੁਰੂ ਨੇ ਸ਼ਫਾ ਬਖਸ਼ੀ ਹੈ। ਹਰ ਸਜਣ ਸਰੀਰਕ ਰੋਗ ਦਾ ਇਲਾਜ ਕਰਵਾ ਸਕਦਾ ਹੈ।

ਇਸ ਵੇਲੇ ਹਸਪਤਾਲ ਦੇ ਕਰਮਚਾਰੀਆਂ ਲਈ ਇਮਾਰਤ ਅਰੰਭ ਹੈ ਜਿਸ 'ਤੇ ਲੱਖਾਂ ਰੁਪਿਆਂ ਦਾ ਖਰਚ ਹੋਵੇਗਾ।

ਜੋ ਦਾਸ ਦੀ ਇਹ ਤਮੰਨਾ ਸੀ, ਸਤਿਗੁਰੂ ਨੇ ਪੂਰੀ ਕੀਤੀ ਹੈ। ਸੰਗਤਾਂ ਤੇ ਸਤਿਗੁਰੂ ਦੀ ਦਾਤ ਸਫਲ ਹੋਈ, ਲੱਖ ਲੱਖ ਸ਼ੁਕਰ ਹੈ ਸਤਿਗੁਰੂ ਦਾ।

# ਅਹਿਵਾਲਿ ਫ਼ਰਜ਼ੰਦਾਨ ਵਾ ਖਾਨਦਾਨ ਵਾ ਗੁਰਦੁਆਰਿਆਨਿ ਗੁਰੂ ਨਾਨਕ

ਬਾਵਾ ਨਿਹਾਲ ਸਿੰਘ, ਬਾਵਾ ਗੁਰਮੁਖ ਸਿੰਘ

ਬਾਬਾ ਸ੍ਰੀ ਚੰਦ—

ਸੰਮਤ ੧੫੫੧ ਸਾਵਨ ਬਦੀ ਏਕਮ ਮਵਰੱਖਾ ੫ ਕੋ ਬ-ਮੁਕਾਮ ਸੁਲਤਾਨਪੁਰ ਸ੍ਰੀ ਨਾਨਕੀ ਜੀ ਹਮਸ਼ੀਰਾ ਗੁਰੂ ਨਾਨਕ ਸਾਹਿਬ ਜੀ ਕੇ ਘਰ ਮੇਂ ਜਹਾਂ ਗੁਰੂ ਸਾਹਿਬ ਚੰਦ ਅਰਸਾ ਸੇ ਕਿਆਮ ਪਜ਼ੀਰ ਥੇ ਬਾਬਾ ਸਿਰੀ ਚੰਦ ਜੀ ਨੇ ਜਨਮ ਲੀਆ। ਪਸ ਜਹਾਂ ਲਾਲਾ ਜੈ ਰਾਮ ਬਹਿਨੋਈ ਗੁਰੂ ਨਾਨਕ ਸਾਹਿਬ ਜੀ ਕਾ ਘਰ ਥਾ ਵਹਾਂ ਜਨਮ ਅਸਥਾਨ ਸ੍ਰੀ ਚੰਦ ਜੀ ਕਾ ਹੂਆ ਔਰ ਗੁਰੂ ਸਾਹਿਬ ਭੀ ਉਸ ਘਰ ਮੇਂ ਬੂਦੋ ਬਾਸ਼ ਰਖਤੇ ਰਹੇ। ਬਾਦ ਤਹਿਕੀਕਾਤ ਬੇਦੀ ਵ ਉਦਾਸੀ ਸਾਹਬਾਨ ਕੋ ਜੋ ਫ਼ੀ ਜ਼ਮਾਨਾ ਉਦਾਸੀ ਸੰਤ ਸ੍ਰੀ ਅੰਮ੍ਰਿਤਸਰ ਜੀ ਵਾ ਲਖਨੌਰ ਵਾ ਪਟਿਆਲਾ ਵਗੈਰਾ ਮੇਂ ਗੱਦੀ-ਨਸ਼ੀਨ ਅਮੀਰ-ਉਲ-ਉਮਰਾ ਹੈਂ, ਸੁਲਤਾਨਪੁਰ ਮੇਂ ਯਿਹ ਗੁਰਦਵਾਰਾ ਕਾਇਮ ਕਰਨਾ ਚਾਹੀਏ। ਬਾਦ ਇੰਤਕਾਲ ਜੈ ਰਾਮ ਵ ਬੀਬੀ ਸਾਹਿਬਾ ਜੀ ਕੇ ਬ-ਸਾਲ 1575 ਸਿਰੀ ਚੰਦ ਜੀ ਮਏ ਅਪਨੀ ਵਾਲਦਾ ਕੇ ਅਪਨੇ ਨਾਨਕੇ ਮੌਜ਼ਾ ਪੱਖੋਕੇ ਰੰਧਾਵਾ ਤਹਿਸੀਲ ਬਟਾਲਾ ਮੇਂ ਤਸ਼ਰੀਫ਼ ਫ਼ਰਮਾ ਹੋ ਗਏ ਥੇ। ਬਾਦ ਬ-ਸਾਲ 1577 ਗੁਰੂ ਸਾਹਿਬ ਜੀ ਕੇ ਹਜ਼ੂਰ ਮੇਂ ਆ ਗਏ ਥੇ ਫਿਰ ਬ-ਸਾਲ 1582 ਕਰਤਾਰਪੁਰ ਰਾਵੀਆ ਮੇਂ ਮਏ ਜੁਮਲਾ ਖ਼ਾਨਦਾਨ ਆ ਕਰ ਆਬਾਦ ਹੂਏ ਥੇ।

2. ਫਿਰ ਸਾਲ 1596 ਮੇਂ ਸਿਰੀ ਚੰਦ ਸਾਬਿ ਜੀ ਨੇ ਡੇਹਰਾ ਸਾਹਿਬ ਔਦਿ ਪਾਦਸ਼ਾਹੀ ਜੀ ਸੇ ਬ-ਫ਼ਾਸਲਾ 7 ਕੋਸ ਜਾਨਬ ਉੱਤਰ ਰਿਹਾਇਸ਼ ਫ਼ਰਮਾਈ ਥੀ। ਅਬ ਵਹਾਂ ਟਾਹਲੀ ਸਾਹਿਬ ਨਾਮ ਗੁਰਦਵਾਰਾ ਹੈ, ਪੁਜਾਰੀ ਉਦਾਸੀ ਹੈਂ।

3. ਔਰ ਡੇਹਰਾ ਸਾਹਿਬ ਸੇ ਬ-ਫ਼ਾਸਲਾ 100 ਕਦਮ ਦੂਸਰਾ ਯਾਦਗਾਰ ਟਾਹਲੀ ਸਾਹਿਬ ਸ੍ਰੀ ਚੰਦ ਜੀ ਕਾ ਵਾਕਿਆ ਹੈ, ਪੁਜਾਰੀ ਸਾਧ ਹੈਂ।

4. ਔਰ ਤੀਸਰਾ ਯਾਦਗਾਰ ਸ੍ਰੀ ਚੰਦ ਜੀ ਕਾ ਲਾਹੌਰ ਮੇਂ ਪੁਖਤਾ ਮੰਦਰ ਗੁੰਬਦ-ਦਾਰ ਰੇਲਵੇ ਇਹਾਤਾ ਕੇ ਜਾਨਿਬ ਸ਼ੁਮਾਲ ਬ-ਕਨਾਰਾ ਸੜਕ ਸ਼ਾਲਾਮਾਰ, ਮੌਸੂਮ-ਟਾਹਲੀ ਸਾਹਿਬ ਵਾਕਿਆ ਹੈ।

5. ਬਾਦ ਜੋਤੀ ਜੋਤਿ ਸਮਾਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੇ ਸ੍ਰੀ ਚੰਦ ਸਾਹਿਬ ਜੀ ਨੇ ਅਪਨਾ ਲਿਬਾਸ ਬ-ਈਮਾਏ ਗੁਰੂ ਬਾਬਾ ਸਾਹਿਬ ਜੀ ਉਦਾਸੀ ਸੰਤ ਕਰਕੇ ਬ-ਮੌਜ਼ਾ ਬਾਠ ਇਲਾਕਾ ਦੀਨਾ ਨਗਰ ਜੋ ਡੇਹਰਾ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੇ ਬ-ਫ਼ਾਸਲਾ 19 ਕੋਸ ਹੈ ਰਿਹਾਇਸ਼ ਵ ਅਸਾਇਸ਼ ਇਖ਼ਤਿਆਰ ਫ਼ਰਮਾਈ ਜਹਾਂ ਅਬ ਤਕ ਯਾਦਗਾਰ ਦਰਬਾਰ ਵ ਬਾਉਲੀ ਜੀ ਵ ਜਾ-ਨਸ਼ੀਨ ਉਦਾਸੀ ਸਾਧ ਹੈਂ। ਇਸੀ ਜਗ੍ਹਾ ਸਾਲ 1660 ਮੇਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਹਾਜ਼ਰ ਆ ਕਰ ਸ੍ਰੀ ਸੁਖਮਨੀ ਸਾਹਿਬ ਸੁਨਾਈ ਔਰ ਬਕੀਆ ਪੂਰੀ ਕਰਕੇ 24 ਅਸ਼ਟਪਦੀ ਪਰ ਭੋਗ ਡਾਲਾ। ਔਰ ਯਹਾਂ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਸ੍ਰੀ ਚੰਦ ਜੀ ਕੇ ਦਰਸ਼ਨ ਕੋ ਆਏ। ਔਰ

ਬਾਬਾ ਗੁਰਦਿੱਤਾ ਮਲ ਸਾਹਿਬ ਖਲਫ ਕਲਾਂ 6-ਬਾਦਸ਼ਾਹ ਜੀ ਕੋ ਇਜਾਜ਼ਤ ਦੇ ਕਰ ਸ੍ਰੀ ਚੰਦ ਜੀ ਨੇ ਫਿਰਕਾ ਉਦਾਸੀ ਸੰਤਾਂ ਈਜਾਦ ਕਰਾਇਆ। ਜਿਸ ਕਾ ਨਸਬਨਾਮਾ ਬਾਦ ਅਹਿਵਾਲ ਲਖਮੀਦਾਸ ਜੀ ਕੇ ਦਰਜ ਹੋਗਾ।

6. ਦੌਲਤ ਪੁਰ ਤਹਿਸੀਲ ਨਵਾਂ ਸ਼ਹਿਰ ਜਾਲੰਧਰ ਕੇ ਜਿਲਾ ਮੇ ਏਕ ਅਸਥਾਨ ਸ੍ਰੀ ਚੰਦ ਜ਼ੀ ਕਾ ਹੈ, ਜਾ-ਨਸ਼ੀਨ ਅਬ ਉਦਾਸੀ ਸੰਤ ਹੈਂ।

ਬਾਬਾ ਲਖਮੀ ਦਾਸ—

ਬ-ਮੁਕਾਮ ਸੁਲਤਾਨਪੁਰ ਇਲਾਕਾ ਕਪੂਰਥਲਾਂ, ਬਸਾਲ 1553 ਬਿਕਰਮੀ 19 ਫਾਗਨ ਕੋ ਸ੍ਰੀ ਲਖਮੀ ਦਾਸ ਜੀ ਨੇ ਜਨਮ ਲੀਆ। ਜਵਾਨ ਹੋ ਕਰ 1560 ਸੰਮਤ ਮੇਂ ਉਸਕੀ ਸ਼ਾਦੀ ਹੂਈ। ਔਰ 1572 ਮੇਂ ਇਸ ਕੇ ਘਰ ਮੇਂ ਧਰਮ ਚੰਦ ਸਾਹਿਬ ਪੈਦਾ ਹੂਏ ਔਰ ਸਾਲ 1612 ਮੇਂ ਲਖਮੀ ਚੰਦ ਜੀ ਘੋੜੇ ਪਰ ਸਵਾਰ ਹੋ ਕਰ ਸ਼ਿਕਾਰ ਖੇਲਨੇ ਜਾਤੇ ਹੂਏ ਬਾ-ਇਤਰਾਜ਼ ਸ੍ਰੀ ਚੰਦ ਸਾਹਿਬ ਕਿ ਇਨ ਸ਼ਿਕਾਰੋਂ ਕਾ ਹਿਸਾਬ ਦਰਗਾਹ ਮੇਂ ਦੇਨਾ ਪੜੇਗਾ ਦਰਗਾਹ ਕੋ ਹੀ ਸਵਾਰ ਹੋ ਗਏ।

## ਕੈਫ਼ੀਅਤਿ ਖ਼ਾਨਦਾਨੀ

ਸ੍ਰੀ ਗੁਰੂ ਨਾਨਕ ਸ਼ਾਹਿਬ—

ਜਿਨ ਕੇ ਵਾਲਿਦ, ਬਾਬਾ ਕਾਲੂ ਜੀ ਬੇਦੀ

ਵਾਲਿਦਾ, ਮਾਤਾ ਪਿਤਰੋ ਜੀ

ਵਾਲਿਦਾ ਮਾਜਿਦਾ, ਮਾਤਾ ਬਨਾਰਸੀ

ਦਾਦਾ, ਸ਼ਿਵ ਰਾਮ, ਜਿਨ ਕੀ ਕੁਰਸੀ ਮਹਾਰਾਜਾ ਮਾਨਧਾਤਾ ਸੇ ਲੇ ਕਰ ਮਹਾਰਾਜ ਕਸ਼ੂ ਖ਼ਲਫ਼ਿ ਸ੍ਰੀ ਮਹਾਰਾਜ ਰਾਮ ਚੰਦਰ ਸੇ ਮਿਲਤੀ ਹੈ।

ਜਨਮ-ਅਸਥਾਨ, ਮਏ ਸੰਮਤ ਵਗੈਰਾ

ਨਨਕਾਣਾ ਸਾਹਿਬ, ਜ਼ਿਲਾ ਲਾਹੌਰ, ਕਤਕ ਸੁਦੀ ਪੂਰਨਮਾਸ਼ੀ, ਬਰੋਜ਼ ਪੰਜ ਸ਼ੰਬਾ, ਸੰਮਤ 1526 ਬਿਕਰਮੀ, ਮੁਤਾਬਕ 1469 ਈਸਵੀ, ਕਰਿਤਿਕਾ ਨਿਛੱਤਰ ਨੀਮ ਸ਼ਬ ਗੁਜ਼ਸ਼ਤਾ

ਨਾਮ ਮਹਿਲ, ਯਾਨੀ ਅਹਿਲੇ ਖਾਨਾ ਮਏ ਦੀਗਰ ਹਾਲ

ਮਾਤਾਂ ਸੁਲੱਖਨੀ ਜੀ, ਦੁਖਤਰ ਮੂਲ ਚੰਦ ਖਤਰੀ ਚੋਣਾ, ਸਕਨਾ ਬਟਾਲਾ, 24 ਜੇਠ ਸੰਮਤ 1544 ਕੋ ਸ਼ਾਦੀ ਹੂਈ।

ਨਾਮ ਸਾਹਿਬਜ਼ਾਦਗਾਨ ਮਏ ਤਾਰੀਖ ਜਨਮ

ਬਾਬਾ ਸ੍ਰੀ ਚੰਦ, 15 ਬਿਸਾਖ ਸੰਮਤ 1551 ਬਿਕਰਮੀ

ਬਾਬਾ ਲਖਮੀ ਦਾਸ, 19 ਫਗਣ ਸੰਮਤ 1553 ਬਿਕਰਮੀ

ਸ੍ਰੀ ਚੰਦ ਜੀ ਕੇ ਉਦਾਸੀ ਸਾਧ ਔਰ ਲਖਮੀ ਦਾਸ ਜੀ ਕੇ ਕੁਲ ਬੇਦੀ ਸਾਹਿਬ ਹੈਂ। ਸੰਮਤ 1560 ਲਖਮੀ ਦਾਸ ਜੀ ਕੀ ਸ਼ਾਦੀ ਹੂਈ। ਸੰਮਤ 1572 ਉਨ ਕੇ ਘਰ ਸ੍ਰੀ ਧਰਮਚੰਦ ਹੂਏ। ਸੰਮਤ 1594 ਧਰਮ ਚੰਦ ਕੀ ਸ਼ਾਦੀ ਹੂਈ ਸੰਮਤ 1597 ਉਨ ਕੇ ਫ਼ਰਜ਼ੰਦ ਮਾਣਕ ਚੰਦ ਹੂਏ।

ਤਾਦਾਦ ਅਰਸਾ ਉਮਰ ਵ ਗੱਦੀ ਨਸ਼ੀਨੀ

69 ਸਾਲ 10 ਮਾਹ, 10 ਯੋਮ

ਤਾਰੀਖ ਜੋਤੀ ਜੋਤਿ ਸਮਾਨੇ ਕੀ

ਅੱਸੂ ਬਦੀ ਦਸ 1596 ਬਿਕਰਮੀ, ਮੁਤਾਬਕ ਸੰਨ 1539, ਬਮੁਕਾਮ ਡੇਰਾ ਬਾਬਾ ਨਾਨਕ ।

ਮਸ਼ਹੂਰ ਸਾਦਕ ਸਿੱਖਾਨ ਕੇ ਨਾਮ

ਗੁਰੂ ਅੰਗਦ ਸਾਹਿਬ, ਬਾਲਾ, ਮਰਦਾਨਾ, ਬੁੱਢਾ ਜੀ, ਰਾਜਾ ਸ਼ਿਵਨਾਭ, ਰਾਜਾ ਸਢਰਮੈਨ, ਬੀਬੀ ਨਾਨਕੀ, ਝੰਡਾ ਨੱਜਾਰ, ਅਜਿੱਤਾ, ਭਾਗੀਰਥ, ਰਾਇ ਬੁਲਾਰ, ਹਰਦਿਆਲ ਪੰਡਿਤ, ਲਾਲੋ ਨੱਜਾਰ, ਅਦਰਕਾ, ਮਾਲਸ਼ ਰਾਇ ਜੋਹਰੀ, ਵਗੈਰਾ ਵਗੈਰਾ ।

ਤਾਦਾਦ ਗੁਰਦਵਾਰਾ ਹਾਇ–71

ਕੈਫ਼ੀਅਤ

ਕਤਕ ਸੁਦੀ ਪੂਰਨਮਾਸ਼ੀ ਵ ਨਿਰਜਲਾ ਅਕਾਦਸ਼ੀ ਮਾਹ ਜੇਠ ਨਨਕਾਣਾ ਸਾਹਿਬ ਮੇ ਮੇਲਾ ਲਗਤਾ ਹੈ । ਗੋਰਮਿੰਟ ਇੰਗਲੀਸ਼ਿਆ ਨੇ ਇਸ ਦਿਨ ਕੀ ਤਅਤੀਲ ਮਨਜ਼ੂਰ ਫਰਮਾਈ ਹੈ । ਸੰਮਤ 1577 ਮੇਂ ਬਾਬਰ ਕੋ ਸਾਤ ਬਾਦਸ਼ਾਹੀ ਬਖ਼ਸ਼ੀ, ਸੰਮਤ 1582 ਕੋ ਕਰਤਾਰਪੁਰ ਆਬਾਦ ਕੀਆ । ਸੰਮਤ 1584 ਮੇਂ ਬੁੱਢਾ ਜੀ ਬਮੁਕਾਮ ਰਾਮਦਾਸ ਪੈਦਾ ਹੂਏ । ਸੰਮਤ 1592 ਮੇਂ ਖਿਦਮਤ ਮੇਂ ਆਏ । ਸੰਮਤ 1688 ਕੋ ਇੰਤਕਾਲ ਕਰ ਗਏ ।

ਸੰਮਤ 1612 ਕੋ ਲਖਮੀਦਾਸ ਸਾਹਿਬ ਅਸਪ ਸਵਾਰ ਸ਼ਿਕਾਰ-ਗਾਹ ਸੇ ਆਤੇ ਹੂਏ ਆਸਮਾਨ ਕੀ ਤਰਫ ਪਰਵਾਜ਼ ਕਰ ਗਏ । ਏਕ ਪੈਰਾਹਨ ਕੁਦਰਤੀ ਜੋ ਦਰਗਾਹ ਮੁਅੱਲਾ ਸੇ ਗੁਰੂ ਜੀ ਕੇ ਵਾਸਤੇ ਨਾਜ਼ਲ ਹੂਆ ਥਾ ਜਿਸ ਪਰ ਹਰ ਇਲਮ ਕੀ ਰਵਾਇਤੇਂ ਵ ਆਇਤੇਂ ਵ ਸ਼ਲੋਕ ਮਰਕੂਮ ਹੈਂ ਵੋਹ ਪੈਰਾਹਨ ਅਬ ਤਕ ਮਜ਼ਈਅਨ ਮੰਦਰ ਆਇਨਾ-ਦਾਰ ਬਕਸ ਮੇਂ ਬਮੁਕਾਮ ਡੇਹਰਾ ਸਾਹਿਬ ਰਾਵੀਆ ਜ਼ਿਆਰਤ ਬਖ਼ਸ਼ ਹੈਂ ।

## ਗੁਰਦਵਾਰਾ ਸਾਹਿਬਾਨਿ ਗੁਰੂ ਨਾਨਕ

1. ਨਨਕਾਣਾ ਸਾਹਿਬ, ਰਾਇ ਭੋਇ ਭੱਟੀ ਕੀ ਤਲਵੰਡੀ, ਜ਼ਿਲਾ ਲਾਹੌਰ, ਪੁਜਾਰੀ ਉਦਾਸੀ, ਸੰਮਤ 1526 ਮੇਂ ਯਹਾਂ ਜਨਮ ਲੀਆ । ਦੋ ਮੇਲੇ ਯਹਾਂ ਸਾਲ ਮੇਂ ਹੋਤੇ ਹੈਂ । ਏਕ ਪੂਰਨਮਾਸ਼ੀ ਕਾਤਕ ਪਰ ਦੂਸਰਾ ਨਿਰਜਲਾ ਇਕਾਦਸ਼ੀ ਪਰ । ਜਾਗੀਰ ਮਾਅਕੂਲ ਹੈ ।

2. ਨਾਨਕ ਸਰ ਤਾਲਾਬ, ਪੁਜਾਰੀ ਸਿੰਘ, ਯਹਾਂ ਤਫ਼ੂਲੀਅਤ ਮੇਂ ਕੂਦਕਾਨ ਸੇ ਲੀਲਾ ਕਰਤੇ ਰਹੇ । ਤਾਲਾਬ ਪੁਖਤਾ ਹੈ, ਕਿਨਾਰਾ ਪਰ ਮੰਦਰ ਵ ਧਰਮਸ਼ਾਲਾ ਹੈ ।

3. ਕਿਆਰਾ ਸਾਹਿਬ, ਪੁਜਾਰੀ ਸਿੰਘ, ਯਹਾਂ ਮਾਦਾ ਗਾਵਾਂ ਨੇ ਖੇਤ ਖਾ ਲੀਆ ਥਾ । ਗੁਰੂ ਜੀ ਨੇ ਦੁਬਾਰਾ ਸਰ-ਸਬਜ਼ ਕਰ ਦਿਖਾਇਆ ।

4. ਮਾਲ ਸਾਹਿਬ (ਨਾਮ ਦਰਖ਼ਤ ਕਾ ਹੈ), ਪੁਜਾਰੀ ਉਦਾਸੀ ਸਾਧ । ਇਸ ਦਰਖ਼ਤ ਕੇ ਨੀਚੇ ਸ਼ੇਸ਼ ਨਾਗ ਨੇ ਗੁਰੂ ਜੀ ਕੇ ਮੁਖ਼ ਚੰਦ ਪਰ ਧੂਪ ਮੇ ਸਾਇਆ ਕਰ ਰਖਾ ਥਾ ।

5. ਤੰਬੂ ਸਾਹਿਬ ( ਖੈਮਾ ਅਜ਼ ਸਾਇਆ ਦਰਖ਼ਤ), ਪੁਜਾਰੀ ਨਿਹੰਗ ਸਿੰਘ । ਯੇਹ ਦਰਖਤ ਮਾਲ 55 ਕਦਮ ਦੂਰ ਹੈ ਖੈਮਾ ਕੀ ਤਰਾਂ ਜ਼ਮੀਨ ਪਰ ਬਿਛਾ ਹੂਆ ਹੈ । ਯਹਾਂ ਗੁਰੂ ਜੀ ਬਾਦ ਖਿਲਾ ਦੇਨੇ 20 ਰੁਪਇਆ ਸਾਧੋਂ ਕੋ ਇਬਾਦਤ ਮੇਂ ਮਸ਼ਗੂਲ ਹੋ ਗਏ ਥੇ ।

6. ਚਾਹ ਭਾਈ ਬਾਲਾ, ਪੁਜਾਰੀ ਨਿਹੰਗ ਸਿੰਘ । ਯਿਹ ਚਾਹ ਵਾਲਿਦ ਭਾਈ ਬਾਲੇ ਕਾ ਹੈ । ਯਹਾਂ ਗੁਰੂ ਜੋ ਸਫਰ ਸੇ ਆ ਕਰ ਕੁਛ ਅਰਸਾ ਆਰਾਮ ਕੀਆ ਕਰਤੇ ਥੇ । ਗੁਰਦਵਾਰਾ ਨਹੀਂ ਬਨਾ ।

7. ਮੌਜ਼ਾ ਚੂਹੜ ਕਾਨਾ (ਉਰਫ਼ ਖਰਾ ਸੌਦਾ), ਲਾਹੌਰ, ਪੁਜਾਰੀ ਸਿੰਘ। ਯਹਾਂ ਜਮਾਤ ਸਾਧਾਨ ਕੋ 20 ਰੁਪਏ ਜੋ ਸੌਦਾ ਲੇਨੇ ਕੋ ਲਾਏ ਥੇ, ਖਿਲਾ ਦੀਏ ਔਰ ਖਰਾ ਸੌਦਾ ਕੀਆ, ਇਸ ਲੀਏ ਇਸ ਕਾ ਨਾਮ ਖਰਾ ਸੌਦਾ ਹੈ, ਗਾਂਉਂ ਆਬਾਦ ਹੈ।

8. ਹਟ ਮੌਜ਼ਾ ਸੁਲਤਾਨਪੁਰ, ਜ਼ਿਲਾ ਕਪੂਰਥਲਾ, ਪੁਜਾਰੀ ਸਿੰਘ। ਇਸ ਗੁਰਦਵਾਰਾ ਕੀ ਜਗਾ ਗੁਰੂ ਸਾਹਿਬ ਨੇ ਨਵਾਬ ਦੌਲਤ ਖਾਂਨ ਕੇ ਮੋਦੀ ਖਾਨਾ ਕਾ ਕਾਮ ਕੀਆ ਥਾ।

9. ਬੇਰੀ ਸਾਹਿਬ ਸੁਲਤਾਨਪੁਰ, ਕਪੂਰਥਲਾ, ਪੁਜਾਰੀ ਸਿੰਘ ਵ ਓਦਾਸੀ। ਬ-ਕਨਾਰਾ ਨਦੀ-ਬੇਈਂ ਦਾਤਨ ਗਾਡ ਦੀ ਥੀ, ਦਰਖਤ ਲਗਾ ਹੂਆ ਹੈ।

10. ਸੰਤ ਘਾਟ, ਸੁਲਤਾਨਪੁਰ, ਕਪੂਰਥਲਾ, ਪੁਜਾਰੀ ਉਦਾਸੀ ਸਾਧ। ਬ-ਕਨਾਰ ਬੇਈ ਇਸ਼ਨਾਨ ਕਰਨੇ ਦਾਖਲ ਹੂਏ ਔਰ ਦਰਗਾਹ ਕੋ ਚਲੇ ਗਏ। ਤੀਨ ਯੋਮ ਬਾਦ ਵਾਪਸ ਉਸੀ ਘਾਟ ਸੇ ਬਾਹਰ ਆਏ ਥੇ।

11. ਮੌਜ਼ਾ ਉੱਦੋ ਕੇ, ਜਿਲਾ ਗੁਰਦਾਸਪੁਰ, ਇਲਾਕਾ ਵਟਾਲਾ, ਪੁਜਾਰੀ ਉਦਾਸੀ ਸਾਧ। ਸ਼ਾਦੀ ਕੇ ਮੌਕਾ ਪਰ ਇਸ ਗਾਓਂ ਮੇ ਤਸ਼ਰੀਫ ਲੇ ਗਏ ਥੇ। ਯਹਾਂ ਮੇਲਾ ਦਸਮੀ ਸੁਧੋਂ ਕੋ ਹੋਤਾ ਹੈ।

12. ਸ਼ਹਿਰ ਵਟਾਲਾ, ਗੁਰਦਾਸਪੁਰ, ਪੁਜਾਰੀ ਸਿੰਘ। ਇਸ ਜਗਾ ਗੁਰੂ ਜੀ ਕੀ ਸ਼ਾਦੀ ਹੁਈ ਸੰਮਤ 1544, 24 ਮਾਹ ਜੇਠ ਬ-ਸਿਨ ਮੁਬਾਰਕ 18 ਸਾਲ। ਬਾਦ ਅਜ਼ੀਂ 30 ਸਾਲ ਸੈਰ ਵ ਸਫਰ ਫਰਮਾਇਆ।

13. ਰੋੜੀ ਸਾਹਿਬ (ਸ਼ਹਿਰ ਐਮਨਾਬਾਦ), ਗੁਜਰਾਂ ਵਾਲਾ, ਉਦਾਸੀ ਸਾਧ। ਪਹਿਲੀ ਹੀ ਮਰਤਬਾ ਯਹਾਂ ਪਹੁੰਚੇ ਔਰ ਕੁਛ ਅਰਸਾ ਮਕਾਮ ਫ਼ਰਮਾਇਆ ਔਰ ਰੋੜੋਂ ਕੇ ਚਬੂਤਰਾ ਪਰ ਤਪ ਕੀਆ। ਫਿਰ ਭਾਈ ਲਾਲੋ ਨਜਾਰ ਕੇ ਘਰ ਰਹੇ। ਯਹਾਂ ਹੀ ਕਹਿਰ ਕਾ ਸ਼ਬਦ ਫਰਮਾਇਆ। ਬਾਬਰ ਸਮਰਕੰਦੀ ਸੇ ਯਹਾਂ ਹੀ ਮੁਲਾਕਾਤ ਹੂਈ।

14. ਬਰਛਾ ਸਾਹਿਬ (ਮੁਤਸਿਲ ਸ਼ਹਿਰ ਢਾਕਾ), ਗੁਰੂ ਜੀ ਬਾਹਰ ਜੰਗਲ ਮੇਂ ਬੈਠ ਗਏ। ਵਹਾਂ ਪਾਨੀ ਕਾ ਚਸਮਾ ਨਹੀਂ ਥਾ, ਕਿਸੀ ਕਾ ਬਰਛਾ ਮਾਰ ਕਰ ਚਸ਼ਮਾ ਨਿਕਾਲਾ ਥਾ।

15. ਚਰਨ ਪਾਦਕਾ, ਢਾਕਾ, ਉਦਾਸੀ ਸਾਧ। ਯਹਾਂ ਹੀ ਜਾਦੂਗਰ ਔਰਤ ਸੇ ਮਰਦਾਨਾ ਕੋ ਛੁੜਾਇਆ ਥਾ।

16. ਚਰਨ ਕੰਵਲ ਕਸਬਾ ਕੀਰਤਪੁਰ, ਹੁਸ਼ਿਆਰਪੁਰ, ਉਦਾਸੀ ਸਾਧ। ਯਹਾਂ ਗੁਰੂ ਜੀ ਬੁੱਢਣ ਸ਼ਾਹ ਫਕੀਰ ਕੋ ਮਿਲੇ ਔਰ ਸੀਰ ਗੋਸਪੰਦਾਨ ਅਮਾਦਨ ਰਖਾਯਾ। ਮਾਫੀ ਮਕੂਲ ਹੈ। ਦਰਿਆਇ ਸਤਲੁਜ ਨੀਚੇ ਬਹਿਤਾ ਹੈ।

17. ਕਸਬਾ ਪੰਜੋਰ, ਰਿਆਸਤ ਪਟਿਆਲਾ, ਉਦਾਸੀ ਸਾਧ। ਯਹਾਂ ਭੀ ਗੁਰੂ ਜੀ ਨੇ ਕਦਮ ਰੰਜਾ ਫਰਮਾਇਆ। ਫਿਰ ਨੌਵੇਂ ਗੁਰੂ ਜੀ ਕਾ ਸਰ ਮੁਕੱਦਮ ਯਹਾਂ ਪਹੁੰਚਾ।

18. ਜੋਹੜ, ਯਾਨੀ ਤਾਲਾਬ ਜਲ, ਰਿਆਸਤ ਪਟਿਆਲਾ, ਸਿੰਘ। ਯੇਹ ਤਾਲਾਬ ਪਹਿਲੇ ਗੁਰੂ ਜੀ ਨੇ ਚਰਨ ਡਾਲ ਕਰ ਮੁਕੱਦਸ ਬਨਾਇਆ। ਬਾਬਾ ਜਵਾਹਰ ਸਿੰਘ ਜੀ ਨੇ ਮਸ਼ਹੂਰ ਕੀਆ। ਛਾਉਨੀ ਡਕਸ਼ਈ ਤੇ 3 ਕੋਸ਼ ਹੈ।

19. ਸਿਰੀ ਨਗਰ, ਕਸ਼ਮੀਰ, ਉਦਾਸੀ ਸਾਧ। ਯਹਾਂ ਭੀ ਗੁਰੂ ਮਹਾਰਾਜ ਤਸ਼ਰੀਫ ਲਾਏ ਥੇ।

20. ਚੂਹੱਟਾ, ਸ਼ਹਿਰ, ਲਾਹੌਰ, ਸਿੰਘ। ਲਾਹੌਰ ਮੇ ਗੁਰੂ ਜੀ ਤਸ਼ਰੀਫ ਲਾਏ ਔਰ ਬੂਚੜਖਾਨਾ ਦੇਖ ਕਰ ਸਲੋਕ ਫਰਮਾਇਆ ਕਿ ਲਾਹੌਰ ਸ਼ਹਿਰ ਜ਼ਹਿਰ ਕਹਿਰ, ਔਰ ਯਹਾਂ ਹੀ ਦੂਨੀ ਚੰਦ ਖਤਰੀ ਕੇ ਵਾਲਦ ਗੁਰਗ ਕੀ ਨਿਜਾਤ ਫਰਮਾਈ।

21. ਥਾਨੇਸਰ, ਅੰਬਾਲਾ, ਸਿੰਘ। ਸੂਰਜ ਗ੍ਰਹਿਨ ਕੇ ਮੇਲਾ ਪਰ ਬ-ਕਿਨਾਰਾ ਤਾਲਾਬ ਖੁੰਮਿ ਲਹਮ

ਪਕਾਇਆ ਔਰ ਜਮਾਤ ਹਨੂਦ ਸੇ ਬਹਿਸ ਫਰਮਾਈ ਔਰ ਮਾਸ ਕਾ ਸ਼ਬਦ ਫਰਮਾਇਆ, ਫਿਰ ਧੂੰਮ ਸੇ ਭੋਜਨ ਤਕਸੀਮ ਕੀਏ ।

22. ਸ਼ਹਿਰ ਕਰਨਾਲ, ਬਾਜ਼ਾਰ, ਉਦਾਸੀ ਸਾਧ । ਥਾਨੇਸਰ ਸੇ ਕਰਨਾਲ ਮੇਂ ਤਸ਼ਰੀਫ ਲੇ ਗਏ ਥੇ ।

23. ਨਿਜ਼ਾਮਾਬਾਦ, ਆਜ਼ਮ ਗੜ੍ਹ, ਸਿੰਘ । ਯਹਾਂ ਏਕ ਸ਼ਖਸ ਕੋ ਜ਼ਿੰਦਾ ਫਰਮਾਇਆ ।

24. ਰਾਜਗਿਰੀ, ਇਲਾਕਾ ਪਟਨਾ, ਉਦਾਸੀ ਸਾਧ । ਯਹਾਂ ਅਕਸਰ ਰਖੀਸ਼ਰੋਂ ਕੇ ਜਲ ਕੇ ਕੁੰਡ ਹੈਂ । ਗੁਰੂ ਜੀ ਕਾ ਭੀ ਏਕ ਕੁੰਡ ਯਾਨੀ ਚਸ਼ਮਾ ਸਰਦ ਚਲਤਾ ਹੈ । ਜਿਰਾਸੰਦ ਕੀ ਜ਼ਿਆਰਤ-ਗਾਹ ਹੈ ।

25. ਬਾਵਲੀ ਜਗਨਨਾਥ ਪੁਰੀ ਮੇਂ, ਕਟਕ, ਉਦਾਸੀ ਸਾਧ । ਯਹਾਂ ਹੀ ਗੁਰੂ ਜੀ ਕੋ ਜਗਨਨਾਥ ਜੀ ਨੇ ਪ੍ਰਸਾਦ ਪਹੁੰਚਾਇਆ । ਬਾਵਲੀ ਮੇਂ ਆਬਿ ਸ਼ੀਰੀਂ ਹੈ ।

26. ਸਿਲਹਟ ਸ਼ਹਿਰ, ਢਾਕਾ, ਉਦਾਸੀ ਸਾਧ । ਇਸ ਸ਼ਹਿਰ ਮੇ ਗੁਰੂ ਜੀ ਨੇ ਰੌਣਕ ਬਖਸ਼ ਹੋ ਕਰ ਉਪਦੇਸ਼ ਫਰਮਾਇਆ ।

27. ਹਸਨ ਅਬਦਾਲ, ਉਰਫ ਪੰਜਾ ਸਾਹਿਬ, ਰਾਵਲਪਿੰਡੀ, ਸਿੰਘ । ਇਸ ਜਗ੍ਹਾ ਵਲੀ ਕੰਧਾਰੀ ਕਾ ਜਲ ਤਾਲਾਬ ਬਾਲਾਏ ਕੋਹ ਸੇ ਨੀਚੇ ਖੈਂਚ ਲੀਆ ਥਾ ਜਬ ਉਸ ਨੇ ਬਾਲਾ ਜੀ ਕੋ ਪਾਨੀ ਨਾ ਦਿਆ ਥਾ । ਕੰਧਾਰੀ ਜੀ ਨੇ ਟੀਲਾ ਗਿਰਾਇਆ, ਗੁਰੂ ਜੀ ਨੇ ਪੰਜਾ ਸੇ ਰੋਕ ਲੀਆ ।

28. ਚੋਹਾ ਸਾਹਿਬ (ਚਸ਼ਮਾ ਸਾਹਿਬ) ਜਲਾਲਾਬਾਦ, ਸਾਹਿਬਜ਼ਾਦਾ ਭਲਾ । ਪੰਜਾ ਸਾਹਿਬ ਸੇ ਜਾਨਿਬ ਅਫਗਾਨਿਸਤਾਨ ਜਾਤੇ ਹੂਏ ਯਹਾਂ ਮੁਕੀਮ ਹੂਏ ।

29. ਬੜੋਚ ਸ਼ਹਿਰ, ਗੁਜਰਾਤ, ਉਦਾਸੀ ਸਾਧ । ਦਰਿਆਏ ਨਰਬਦਾ ਪਰ ਵਾਕਿਆ ਹੈ ।

30. ਤਿਲ ਗੰਜਨੀ ਸਾਹਿਬ, ਮਾਰੂਫ ਗੋਂਡੀ... ਪੋਲੀਅਮ ਕੋਟਾ-ਪੁਜਾਰੀ...। ਸੰਗਲਦੀਪ ਸੇ ਵਾਪਸ ਆ ਕਰ ਗੁਰੂ ਜੀ ਨੇ ਯਹਾਂ ਸਿੱਧਾਂ ਕੀ ਹੁੱਜਤ ਕਾ ਏਕ ਕੁੰਜਦ ਪੇਸ਼ ਕਰਦਾ ਜਲ ਮੇਂ ਸਰਦਾਈ ਕੇ ਤੌਰ ਪਰ ਤਕਸੀਮ ਫਰਮਾਇਆ ।

31. ਨਾਨਕ ਝੇਰਾ, ਬਿਦਰ ਸ਼ਹਿਰ, ਮੁਸਲਮਾਨ ਫਕੀਰ । ਨਾਨਕ ਮਤੇ ਕੀ ਤਰਫ ਆਤੇ ਹੁਏ ਯਹਾਂ ਠਹਿਰੇ ।

32. ਨਾਨਕ ਮਤਾ, ਨੈਨੀਤਾਲ, ਉਦਾਸੀ ਸਾਧ । ਯਹਾਂ ਸਿੱਧਾਂ ਸੇ ਬਹਿਸ ਹੂਈ ਦਰਖਤ ਪੀਪਲ ਖੁਸ਼ਕ ਸ਼ੁਦਾ ਕੋ ਸਰ ਸਬਜ਼ ਕੀਆ ਜੋ ਅਬ ਤਕ ਮੌਜੂਦ ਹੈ । ਨਾਮ ਗੋਰਖ-ਮਤਾ ਸੇ ਨਾਨਕ-ਮਤਾ ਪਲਟਾ ।

33. ਰੀਠਾ ਮੀਠਾ, ਨਾਨਕਮਤਾ, ਪੁਜਾਰੀ... । ਯਹਾਂ ਮਰਦਾਨੇ ਕੋ ਰੀਠੇ ਮੀਠੇ ਕਰਕੇ ਖਿਲਾਏ ।

34. ਕੋਟ ਦਵਾਰ, ਪੌੜੀ, ਉਦਾਸੀ ਸਾਧ । ਰੀਠਾ ਸੇ ਚਲ ਕਰ ਯਹਾਂ ਰੌਣਕ ਬਖਸ਼ੀ ਹੁਏ ।

35. ਚਬੂਤਰਾ, ਸ਼ਹਿਰ ਦਿਹਲੀ, ਦਿਹਲੀ, ਉਦਾਸੀ ਸਾਧ । ਯਹਾਂ ਮਹਾਵਤੋਂ ਪਰ ਰਹਿਮ ਫ਼ਰਮਾ ਕਰ ਫ਼ੀਲ ਜ਼ਿੰਦਾ ਕੀਆ । ਚਬੂਤਰਾ ਬਨਾ ਹੂਆ ਹੈ । ਲਾਹੌਰੀ ਦਰਵਾਜ਼ਾ ਕੇ ਪਾਸ ।

36. ਮੌਜ਼ਾ, ਦਿਹਲੀ ਸੇ ਚਾਰ ਕੋਸ, ਉਦਾਸੀ ਸਾਧ । ਯਹਾਂ ਲੋਗ ਦਰਸ਼ਨ ਕੋ ਆਏ, ਉਨ ਕੋ ਉਪਦੇਸ਼ ਫਰਮਾਇਆ ।

37. ਸਰਸਾ, ਹਿਸਾਰ-ਫਕੀਰ । ਮੁਤਸਿਲ ਮਕਾਨ ਪੰਜ ਪੀਰਾਂ । ਯੇਹ ਗੁਰਦਵਾਰਾ ਤਾਮੀਰ ਕੇ ਲਾਇਕ ਹੈ ।

38. ਸੰਗਰੂਰ, ਜੀਂਦ, ਸਿੰਘ । ਰਾਜਾ ਸਾਹਿਬ ਨੇ ਬਹੁਤ ਰੌਣਕ ਵ ਤਰਤੀਬ ਗੁਰਦਵਾਰਾ ਕੀ ਬਨਾ ਰਖੀ ਹੈ । ਲੰਗਰ ਸਦਾ-ਬਰਤ ਜਾਰੀ ਹੈ ।

39. ਚੁਬਾਰਾ ਜੀ-ਮਨਸੂਰਪੁਰ [ਛੀਟਾਂ ਵਾਲਾ], ਪੁਜਾਰੀ ਬਾਸ਼ਿੰਦਾ ਦੇਹ । ਖਤਰੀਆਂ ਕੀ ਹਵੇਲੀ ਮੇਂ ਚੁਬਾਰਾ

ਹੈ, ਲੋਗ ਧੂਪ ਦੀਪ ਕਰਤੇ ਹੈਂ ।

40. ਤਖਤੂਪੁਰ, ਲੁਧਿਆਨਾ, ਸਿੰਘ । ਯਹਾ ਮੇਲਾ ਬਸਾਖੀ ਕਾ ਲਗਾ ਕਰਤਾ ਹੈ ।

41. ਸਰਾਏ ਨਾਂਗਾ, ਫਿਰੋਜ਼ਪੁਰ, ਉਦਾਸੀ । ਇਸੀ ਗਾਓਂ ਮੇਂ ਦੋਇਮ ਬਾਦਸਾਹ ਜੀ ਕਾ ਭੀ ਜਨਮ ਅਸਥਾਨ ਹੈ । ਗੁਰੂ ਜੀ ਕਾ ਮੰਦਰ ਭੀ ਪੁਖਤਾ ਹੈ ।

42. ਖਾਲੜਾ, ਲਾਹੌਰ, ਸਿੰਘ । ਇਸ ਗਾਓਂ ਮੇਂ ਕਿਸੀ ਬਕਾਲ ਨੇ ਹੰਸੀ ਕੀ ਥੀ, ਹੁਕਮ ਹੂਆ ਕਿ ਬਸੇ ਰਸ ਖਾਲੜਾ ।

43. ਡੇਹਰਾ ਸਾਹਿਬ, ਲਾਹੌਰ, ਸਿੰਘ । ਮੌਜ਼ਾ ਚਾਹਿਲ ਮੇਂ ਲੋਗੋਂ ਕੋ ਉਪਦੇਸ਼ ਫਰਮਾਇਆ ।

44. ਖੁਰਦ ਨਨਕਾਨਾ, ਲਾਹੌਰ, ਸਿੰਘ । ਮੌਜ਼ਾ ਮਾਂਗਾ ਮੇਂ ਵਾਕਿਆ ਹੈ, ਯਹਾਂ ਸਹਿਰਾਵਲ ਫਿਜ਼ਾ ਮੇਂ ਗੁਰੂ ਜੀ ਨੇ ਕੁਛ ਅੱਯਾਮ ਕਿਆਮ ਫ਼ਰਮਾਇਆ ।

45. ਖੁਰਦ ਨਨਕਾਨਾ, ਲਾਹੌਰ, ਸਿੰਘ । ਯਿਹ ਮੌਜ਼ਾ ਅਲਪਾ ਮੇਂ ਵਾਕਿਆ ਹੈ । ਯਹਾਂ ਭੀ ਗੁਰੂ ਜੀ ਨੇ ਕਦਮ ਰੰਜਾ ਫਰਮਾਇਆ ਥਾ ।

46. ਕੰਗਨਪੁਰ, ਲਾਹੌਰ, ਸਿੰਘ । ਇਸ ਗਾਓਂ ਕੇ ਲੋਗ ਸ਼ਰੀਰ ਵ ਮਨਸੁਖ ਪਾਏ ਗਏ । ਹੁਕਮ ਹੂਆ ਕਿ ਤੁਮ ਯਹਾਂ ਹੀ ਆਬਾਦ ਰਹੋ ਯਾਨੀ ਅਗਰ ਕਹੀਂ ਜਾਓਗੇ ਤੋਂ ਔਰੋਂ ਕੋ ਭੀ ਖ਼ੂਇ-ਬਦ ਸਿਖਲਾਓਗੇ ।

47. ਪਹਿਲ ਪੁਰ, ਲਾਹੌਰ, ਸਿੰਘ । ਇਸ ਗਾਓਂ ਕੇ ਨੇਕ ਵ ਗੁਰਮੁਖ ਬਾਸ਼ਿੰਦਗਾਨ ਕੋ ਦੁਆ ਦੀ ਕਿ ਤੁਮ ਯਹਾਂ ਸੇ ਏਕ ਏਕ ਮੁੰਤਿਸ਼ਰ ਹੋ ਜਾਓ ਤਾ ਕਿ ਜਹਾਂ ਜਾਓ ਆਪਨੀ ਨੇਕ ਆਦਤੇਂ ਫੈਲਾਓ ।

48. ਸਤ ਘਰਾ, ਲਾਹੌਰ, ਸਿੰਘ । ਇਸ ਜਗਾ ਏਕ ਸ਼ਾਹੂਕਾਰ ਕੋ ਸ਼ਬਦ ਫਰਮਾਇਆ ਔਰ ਉਸ ਕੀ ਨਿਸਬਤ ਸ਼ਬਦ ਫਰਮਾਇਆ ਕਿ ਸਹੰਸਰ ਦਾਨ ਦੇ ਇੰਦਰ ਆਇਆ ।

49. ਵੱਲਾ ਵੇਰਕਾ, ਅੰਮ੍ਰਿਤਸਰ, ਸਿੰਘ । ਇਨ ਹਰ ਦੋ ਗਾਓਂ ਕੇ ਦਰਮਿਆਨ ਏਕ ਖਾਸ ਤਾਲਾਬ ਹੈ ਉਸ ਪਰ ਗੁਰੂ ਜੀ ਕਾ ਅਸਥਾਨ ਹੈ ।

50. ਪੱਖੋ ਕੇ ਰੰਧਾਵਾ, ਗੁਰਦਾਸਪੁਰ, ਉਦਾਸੀ ਸੰਤ । ਯਹਾਂ ਨੇਕ ਬਖ਼ਤਾਂ ਲਾਲਾ ਮੂਲ ਚੰਦ ਵ ਮਾਤਾ ਚੰਦੋ ਰਾਨੀ, ਨਾਨਾ ਵ ਨਾਨੀ ਸਿਰੀ ਚੰਦ ਸਾਹਿਬ ਰਹਿਤੇ ਥੇ । ਉਨ ਕੋ ਉਪਦੇਸ਼ ਫ਼ਰਮਾਇਆ । ਜਿੱਤਾ ਰੰਧਾਵਾ ਸਾਦਿਕ ਮੁਰੀਦ ਕੋ ਕਾਮਿਲ ਬਨਾਇਆ । ਫਰਜ਼ੰਦਾਨ ਔਰ ਉਨ ਕੀ ਮਾਤਾ ਕੋ ਫਰਮਾਇਆ ਕਿ ਕਰਤਾਰਪੁਰ ਰਾਵੀਆ ਮੇਂ ਜਾ ਕਰ ਰਹੋ ।

51. ਸ੍ਰੀ ਕਰਤਾਰਪੁਰ ਬਾ-ਕਿਨਾਰਾ ਰਾਵੀ, ਗੁਰਦਾਸਪੁਰ, ਉਦਾਸੀ ਸੰਤ । ਇਸ ਧਰਮ ਸਾਲਾ ਮੇਂ ਮੁਆਫੀ ਮਾਕੂਲ ਹੈ । ਲੰਗਰ ਸਦਾ ਬਰਤ ਜਾਰੀ ਹੈ, ਗਾਓਂ ਆਬਾਦ ਹੈ, ਯੇਹ ਵਹੀ ਗਾਓਂ ਹੈ ਜੋ ਗੁਰੂ ਜੀ ਨੇ ਆਬਾਦ ਫਰਮਾਇਆ ਥਾ ਜਹਾਂ ਕਰੋੜੀ ਮਲ ਕਾਰਦਾਰ ਸ਼ਾਹੀ ਹੂਆ ਥਾ ਔਰ ਸਿਖ ਬਨਾ ਥਾ ।

52. ਬਾਬੇ ਜੀ ਕੀ ਬੇਰ, ਸ਼ਹਿਰ ਸਿਆਲਕੋਟ, ਸਿੰਘ । ਸ਼ਹਿਰ ਸੇ ਬਾਹਰ ਗੁਰੂ ਸਾਹਿਬ ਜ਼ੇਰ ਦਰਖ਼ਤ ਬੇਰੀ ਰੌਣਕ ਬਖ਼ਸ਼ ਹੂਏ ਔਰ ਮਰਦਾਨਾ ਕੋ ਪਿਸਰ ਸ਼ਹਿਜਾਦਾ ਕੋ ਸ਼ਹਿਰ ਮੇਂ ਸਾਚ ਔਰ ਝੂਠ ਸੌਦਾ ਖਰੀਦਨੇ ਭੇਜਾ । ਮੂਲਾ ਕਰਾੜ ਨੇ ਮਰਨਾ ਸੱਚ ਔਰ ਜੀਨਾ ਝੂਠ ਦੋ ਫਰੋਖ਼ਤ ਕੀਆ ਔਰ ਦੁਕਾਨ ਵਕਫ ਕਰ ਹਮਰਾਹ ਹੋ ਲੀਆ । ਉਸ ਬੇਰੀ ਕੇ ਦਰਖ਼ਤ ਕੀ ਜਗਾ ਧਰਮਸ਼ਾਲਾ ਬਨੀ ਲੰਗਰ ਜਾਰੀ ਹੈ ।

53. ਬਾਵਲੀ, ਸਿਆਲਕੋਟ, ਸਿੰਘ । ਸਤਿਗੁਰੂ ਜੀ ਦੁਬਾਰਾ ਫਿਰ ਤਸ਼ਰੀਫ ਲਾਏ ਥੇ । ਮੂਲਾ ਜੀ ਕੀ ਜ਼ੋਜਾ ਨੇ ਬ-ਖ਼ੌਫ ਇਸ ਕੇ ਕਿ ਯੇਹ ਫਿਰ ਚਲਾ ਜਾਏਗਾ ਕਹਿ ਦੀਆ ਵੋਹ ਘਰ ਮੇਂ ਨਹੀਂ । ਮੂਲਾ ਸਾਂਪ ਕੇ ਡਸਨੇ ਸੇ ਮਰ ਗਿਆ ।

54. ਸਾਹੋਵਾਲ, ਸਿਆਲਕੋਟ, ਸਿੰਘ । ਮੇਲਾ ਬਸਾਖੀ ਲਗਤਾ ਹੈ । ਸਤਿਗੁਰੂ ਜੀ ਸਿਆਲਕੋਟ ਸੇ ਆ ਕਰ ਯਹਾਂ ਰੌਨਕ ਬਖਸ਼ ਹੂਏ ਥੇ ।

55. ਉੱਚ, ਮੁਲਤਾਨ, ਸਿੰਘ । ਯਹਾਂ ਕੇ ਪੀਰ ਜਲਾਲ-ਉਲ-ਦੀਨ ਸੇ ਬਹਿਸ ਹੂਈ ।

56. ਪਾਕਪਟਨ ਨਾਨਕ ਸਰ, ਮਿੰਟਗੁਮਰੀ, ਸਿੰਘ । ਯਹਾਂ ਸ਼ੇਖ ਇਬਰਾਹੀਮ ਜਾ-ਨਸ਼ੀਨਿ ਸ਼ੇਖ ਫਰੀਦ ਸੇ ਬਹਿਸ ਹੂਈ ਔਰ ਆਸਾਂ ਕੀ ਵਾਰ ਫਰਮਾਈ । ਔਰ ਵਹਾਂ ਹੀ ਸ਼ੇਖ ਮਿਚਾਵਲੀ ਮਿਲਾ (ਪਾਤਾਲਾਂ ਪਾਤਾਲ ਲਖ ਆਗਾਸਾ ਆਗਾਸ) ਯਹਾਂ ਹੀ ਜ਼ੋਰੇ ਬਹਿਸ ਹੂਆ । ਭਾਈ ਪ੍ਰੇਮ ਸਿੰਘ ਪੁਜਾਰੀ ਹੈ ।

57. ਮੁਲਤਾਨ, ਮੁਲਤਾਨ, ਮੁਜਾਵਰ, ਮੁਕਾਬਰ । ਔਲੀਆ ਸੇ ਬਹਿਸ ਹੂਈ, ਉਨੋਂ ਨੇ ਏਕ ਜਾਮਿ ਸ਼ੀਰ ਪੇਸ਼ ਕੀਆ । ਗੁਰੂ ਜੀ ਨੇ ਗੁੱਲ ਚੰਬੇਲੀ ਉਸ ਮੇਂ ਡਾਲ ਦੀਆ । ਪੀਰਾਨ ਖੁਸ਼ ਹੂਏ ।

58. ਨਿਗਾਹਾ, ਮੁਲਤਾਨ, ਮੁਜਾਵਰ ਭਰਾਈ । ਸਖੀ ਸੁਲਤਾਨ ਸਰਵਰ ਕੇ ਨਿਗਾਹੇ ਮੇਂ ਅੱਵਲ ਗੁਰੂ ਜੀ ਕਾ ਮੰਦਿਰ ਹੈ । ਲੋਗ ਪਹਿਲੇ ਯਹਾਂ ਮਥਾ ਟੇਕ ਕਰ ਅੰਦਰ ਜਾਤੇ ਹੈਂ, ਨਾਮ ਉਸ ਕਾ ਅੱਵਲ ਸਰਵਰ ਥਾ । ਗੁਰੂ ਜੀ ਸੇ ਜਬ ਉਸ ਨੇ ਸਦਾਕਤ ਵ ਸਆਦਤ ਕੀ, ਤਬ ਸਖੀ ਵ ਸੁਲਤਾਨ ਕਾ ਲਕਬ ਬਖਸ਼ਾ ।

59. ਕੁੱਰਮ, ਕਾਬਲ ...। ਯਹਾਂ ਮਰਦਾਨਾ ਕਾ ਪ੍ਰਯੋਗ ਹੂਆ ।

60. ਗ਼ੌਰੀ ਬੁਗਲਾਨ, ਕੁੰਦਸ਼, ਸਿੱਖ । ਯਹਾਂ ਕੜਾਹ ਪ੍ਰਸ਼ਾਦਿ ਪਰ ਪੰਜਾ ਲਗਤਾ ਹੈ ।

61. ਕਾਬਲ ਅੰਦਰ ਸ਼ਹਿਰ, ਕੁੰਦਸ਼, ਸਿੱਖ । ਗੁਰੂ ਜੀ ਕਾ ਕੋਠਾ ਮਸ਼ਹੂਰ ਹੈ ।

62. ਅੱਚਲ, ਗੁਰਦਾਸਪੁਰ, ਸਿੱਖ । ਯਹਾਂ ਸ਼ਿਵਰਾਤਰੀ ਕਾ ਮੇਲਾ ਲਗਤਾ ਹੈ । ਸਿੱਧ ਮੰਡਲੀ ਕੇ ਸਾਥ ਕੀਲੋਂ ਕਾਲ ਹੂਈ ।

63. ਟਿੱਲਾ ਬਾਲ ਗੁਦਾਈ, ਜਿਹਲਮ, ਜੋਗੀ । ਯਹਾਂ ਬਾਲ ਗੁਦਾਈ ਨਾਥ ਜੋਗੀ ਨੇ ਗੁਰੂ ਜੀ ਕੋ 4 ਯੋਮ ਰੱਖਾ ।

64. ਰੁਹਤਾਸ, ਜਿਹਲਮ, ਸਿੱਖ । ਚਸ਼ਮਾ-ਇ-ਆਬ, ਅੰਦਰ ਸੇ ਬਾਹਰ ਖੈਂਚ ਲੀਆ ਥਾ ।

65. ਜੰਨ-ਵਾਸ ਸਾਹਿਬ, ਬਟਾਲਾ...। ਯਿਹ ਮੰਜੀ ਪੁਖਤਾ ਬ-ਖਾਨਾ ਗਾਜ਼ਰਾਨ ਬਨੀ ਹੂਈ ਹੈ । ਮੁਅੱਲਫ ਨੇ ਬਾਦ ਤਲਾਸ਼ ਵ ਤਹਿਕੀਕਾਤ ਇਸ ਕਾ ਦਰਸ਼ਨ ਕੀਆ ਹੈ । ਯਹਾਂ ਬਾਰਾਤ ਗੁਰੂ ਸਾਹਿਬ ਮੁਕੀਮ ਹੂਈ ਥੀ ।

66. ਨਾਨਕ ਸਰ ਤਾਲਾਬ, ਜਲੰਧਰ, ਸਿੰਘ । ਯੇਹ ਤਾਲਾਬ ਮੁਤਸਲ ਮੁਕੰਦਪੁਰ ਹੈ । ਯਹਾਂ ਮੇਲਾ ਬਿਸਾਖੀ ਲਗਤਾ ਹੈ ।

67. ਸ਼ਹਿਰ ਮਥਰਾ, ਉਦਾਸੀ । ਯੇਹ ਯਾਦਗਾਰ ਪਰਸਤਿਸ਼ਗਾਹ ਊਪਰ ਬਾਲਾਖਾਨਾ ਕੇ ਏਕ ਤਾਕ ਮੇਂ ਹੈ, ਨੀਚੇ ਦੁਕਾਨੇਂ ਤਅਲੁਕ ਗੁਰਦਵਾਰਾ ਕੇ ਹੈਂ । ਖਾਕਸਾਰ ਨੇ ਦਰਸ਼ਨ ਕੀਆ ਹੈ, ਨਾਮ ਘਾਟ ਕਾ ਯਾਦ ਨਹੀਂ ਰਹਾ ।

68. ਪਾਨੀਪਤ, ਦਰਵਾਜ਼ਾ ਕਰਨਾਲ ਨਾਨਕ ਸ਼ਾਹੀ ਉਦਾਸੀ । ਬਾਬਾ ਸਾਧੂ ਸਿੰਘ ਜੀ ਇਸ ਕਾ ਦਰਸ਼ਨ ਕਰ ਆਏ ਹੈਂਨ ਤੀਰਥ ਸਗ੍ਰਹਿ ਮੇਂ ਇਸ ਕਾ ਪਤਾ ਨਹੀਂ ।

69. ਕਹਿਰਾਹੜ, ਮਿੰਟਗੁਮਰੀ, ਉਦਾਸੀ । ਯਹਾਂ ਗੁਰੂ ਜੀ ਨੇ ਦਾਤਨ ਫਰਵਾਹ ਕੀ ਚੀਰ ਕਰ ਜ਼ਮੀਨ ਮੇਂ ਗਾਡ ਦੀ ਥੀ ਅਬ ਵੋਹ ਦਰਖਤ ਸਰਸਬਜ਼ ਬਨੇ ਹੂਏ ਹੈਂ । ਜ਼ਬਾਨੀ ਭਾਈ ਨੱਥਾ ਸਿੰਘ ਗੰਥੀ ਅੰਬਾਲਾ ।

70. ਧੌਕਰੀ, ਮਹਿਮੂਦ ਪੁਰ ਕੇ ਮੁਤਸਿਲ, ਮਿੰਟਗੁਮਰੀ...। ਖੇਮਾ ਕੀ ਤਰਾ ਦਰਖਤ ਬਨ ਛਾਇਆ ਹੂਆ ਹੈ ।

(ਸਫਾ 32 ਤੇ)

# GURU NANAK

Dr. Kurt F. Leidecker

*The Punjab Past and Present Vol. III 1969*

It is my belief that only India could have produced the Sikh, and only Bharata could have given birth to Guru Nanak.

What other country provided conditions such as permitted this great leader to be what he was and the Sikh community to practise what they believe ? Could the west have played host to either ?

Let us scan the cultural and political history of Europe at the time of the first Guru, revered Guru Nanak, whose birthday we are celebrating today. That is, let us briefly survey the Europe of the period A. D. 1469 to 1539, or better, Saka 1391 to 1461. We can leave America out of this for the moment because it was only being discovered in 1492.

The Portuguese were establising under Albuquerque the Portuguese motherland in Goa and Emanuel the Great was flourishing in splendour because of the onerous white man's burden he so magnanimously took upon his shoulders.

Spain were reeling under Tomas de Torquemada, Inquisitor General. Slave ships plied the ocean. Machiavelli wrote his It Principe. Martin Luther was declared an outlaw. The Anabaptists were inhumanly tortured. Tobacco found its way into Europe which began a gruesome series of wars between Protestants and Catholics.

Let us be fair, however. Great things, too, were happening in Europe. Universities were founded, Thomas a Kempis left us his de imitatione Christi, the Postal system was introduced, Kopernikus searched the heavens, Leonardo da Vinci, Rafael, Durer, Michel Angelo and Titian achieved the ultimate, in the arts.

India's history, likewise, was edging forward from crisis to crisis owing to greedy hands stretching out towards her riches. But one of the brightest spots in that age which gave us a Kabir, was doubtless the birth of Guru Nanak at Nankana Sahib in the Punjab.

Far be it from me to separate fact and legend in his life or even attempt a

eulogy of Nanak Nirankari. I can but humbly refer to the highlights of his spiritual career in the world for I consider them to be significant beyonds the bounds of India and for us in America as well.

Europe may have painted well, printed well. translated well, sailed the seas well, and conquered and colonized well, but it was Guru Nanak who dreamed of universal brotherhood and sang his song of unity of all faiths to the accompaniment of his minstrel Mardana. His garments, too, betrayed his universal outlook, as A. Christina Albers, put it in verse:

But why that motley dress the master weareth,
Half of the Hindu, half of Muslim type ?
It was to show that he was both or neither
The Truth eternal does not rest on dress.

No Goan adventure was needed to introduce into India the concept of the fatherhood of God: "ek pita ekas ke ham barak, tu mera gurhai", there is only one Father of us all, and we are all his children said the first Guru and proclaimed it far and wide till it became the basic principle guiding your conduct to this day and wherever you are in your homeland, in Singapore, Hong Kong or America.

Gandhiji, in a precious quizzical mood once asked how can the God you are praying to be different from the one I am praying to if there is only one God in the Universe ? This view was Guru Nanak's also, and it is on the recognition of the One-only God idea that the Sikh community, whether you wear the turban, cut your hair or call yourselves pure, are firmly established. That is only your stand; that you recognize as your obligation. And it is well so in a world in which all values, even primary ones, are being assailed.

Guru Nanak called God in true Hindu fashion. 'The Indweller of Nature.' As 'sat nam' the Guru introduced into your minds the realization, so often forgotten among us, that if God exists, He must be the Only One, and whatever name you give him as true a name as any other—El-Allah, Brahma, Shiva, Vishnu, Hari, And, further more, if naming God and repeating his true Name is worship and oneness with the divine, then why should not every other activity equally proclaim God and inspire in us divine presence and sustain us in divinity, as breathing does ? "akhan jivan, visre mar jaon", These are insights into depths of metaphysics which were always better understood in India than in the West. Hold to them, for we will once again return to them after the materialistic prattle has died down.

It should be easy for Christians to embrrce Christians and Christians even to

embrace Jews, because they all believe in the one, personal God, Creator of heaven and earth. Yet they have fought to death amongst themselves, most bitterly at the time of Guru Nanak. Whoever knows the connotation whicn Allah has for Muslims and is aware of the impersonalism and pantheism inherent in the Hindu concepts of deity, must surely regard it as a singular feet that the founder of Sikhlism was able to make Muslim embrace Hindu and Hindu embrace Muslim. Again, only in this wonderful land of Bharata was all this possible. If it was possible once it is possible again and again, not on doctrinal grounds but on mystical grounds, or shall we say, when man remembers his humanity. The man who accomplished this during a period of Hindu-Muslim strife and altercation must have had far greater powers of persuasion and, I might add courage, than was met with in the West, or else India possessed, despite incessant internecine struggles, qualities of a high order of spirituality which Europe aspired to only intellectually, if at all. As a leader in matter of tolerance, therefore, Guru Nanak surpassed all others. We in America are aspiring to such broadness of vision and practice since the days of Thomas Jefferson who, in 1777, drew up the most extensive charter or religious liberty, unparalleled in the West.

It is of interest to American particularly, that Sikh is derived from Siksa or instruction. Our Sikh friends, thus, acknowledge by their name their share in an immense respect for education and learning which they take, perhaps, in an even higher sense than mere scholarship, as a search for that which is the ultimate Reality or Being, in fact Truth, satya. Their desire for instruction and knowledge also in the temporal sphere has placed them in a position of leadership in modern India, in Government and other branches of public life and endeavour.

Freedom-loving America also is glad that Guru Nanak and you, his followers, recognize the true value and worth of man not merely in the abolition of slavery and untouchability, and in extolling the virtues of good Samaritan, but in independence of thinking. The contribution of Sikhism to the elimination of caste so vigorously pursued by India today, can never be forgotten by your countrymen nor by the world.

One saying by Guru Nanak to which hearts in East and West are surely attuned is that, "Nobody is without some worth. How can you call women inferior when it is she who gives birth to great men ?" Each human being, even the lowliest, has some worth, and you Sikhs have demonstrated that in innumerable instances in the past. In this you anticipated the great German philosoper Kant in his ethical code based upon the famous categorical imperative to treat all human beings in thine own person as in all others as an end with all, never as a means.

'To earn one's livelihood honestly', said Guru Nanak, is the source of happiness and the right way consists in practising non injury and sharing with others'. Democracy, thus, is natural to you sikhs. Your wealthy eat with the poor, you wait on him who may work for you. In humility and chivarly you are demonstrating in your quiet way the finest characteristics of man. In the new world that is shaping, you, therefore will be contributing the valuable, ancient heritage of Guru Nanak. It would, thus, seem impossible that a Sikh grounded deeply in the spiritual nature of his creed, would not be an ardent defender of democracy and the values which a free world cherishes. With your battle cry 'Sat Sri Akal' you will never be found on the side of the godless. Our hope for a batter future is made brighter by virtue of Guru Nanak whose birth you have given me the privilege to celebrate with you.

Other secrets of the spritual life were known to Guru Nanak and the refulgence of his spirit in other nine Gurus. Take, for example just one more, that of fearlessness. By it man proves the divinty of his own nature which is affirmed in all of Hinduism. We in America often speek of freedom from fear, but expect that freedom to come to us from without, from improvements in the social oder or favourable economic conditions. The Sikh Gurus, inspired by and in the spirit of the first one, Guru Nanak, looked with in for stamina. and have prompted you to do the utmost in heroice deeds of valour and even more heroic sufferings of martydom which are inscribed in gold on the glorious pages of India's history, from Guru Arjan's tortures to Amritsar.

"Death is the privilege of the brave, provided they die for a worthy cause," said Guru Nanak. Indeed, a country is will off that can boast of men who for the sake of their fellow-men, not necessarily their co-religionists or compatriots, will fight and lay down their lives because they espouse a worthy cause. As Guru Tagh Bahadur, or was it Guru Gobind Singh, said: "sir dadam magar sar-a khuda na dadma,""he gave his own head, yet did not relinquish what Khuda (i. e., God) entrusted him with' Hence, Rabendranath Tagore in his "jana-gana-mana-adhinayaka" did not forget among those gathered round the throne of the Dispenser of India's destiny, you Sikhs.

---

(ਸਫਾ 28 ਦੀ ਬਾਕੀ)

71. ਚਾਵਲੀ ਮਸ਼ਾਇਖ, ਮੁਲਤਾਨ, ਤਹਿਸੀਲ ਮੈਲਸੀ ..। ਯਹਾਂ ਸ਼ੇਖ ਫਰੀਦ ਵਾਲਾ ਚਾਹ ਵ ਦਰਖਤ ਭੀ ਹੈ ਜਿਸ ਸੇ ਵੋਹ ਬਾਰਾ ਸਾਲ ਲਟਕੇ ਰਹੇ ।

72. ਡੇਰਾ ਸਾਹਿਬ, ਜਿਲਾ ਗੁਰਦਾਸਪੁਰ, ਉਦਾਸੀ। ਯਿਹ ਮਹਾਰਾਜ ਕੀ ਸਮਾਧ ਹੈ। ਜਾਗੀਰ ਸਦਾ-ਬਰਤ ਲੰਗਰ ਜਾਰੀ ਹੈ। ਦਰਬਾਰ ਦਰਿਆਇ ਰਾਵੀ ਸੇ ਤੀਨ ਕੋਸ ਈਂ ਰੂਇ ਆਬ ਹੈ ।

ਮੱਕਾ ਵ ਮਦੀਨਾ ਵਾ ਰੂਮ ਵਾ ਈਰਾਨ ਮੇ ਜਹਾਂ ਜਹਾਂ ਗੁਰੂ ਜੀ ਤਸ਼ਰੀਫ ਲੇ ਗਏ ਹੈਂ, ਔਕਾਤ ਮੁਕੱਰਰਾ ਪਰ ਆਹਿਸਤਾ ਆਹਿਸਤਾ ਗੁਰਦੁਆਰੇ ਬਨੇਂਗੇ ।

# ਕਲਯੁਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ

(ਸਤਨਾਮ ਸਿੰਘ, ਹੈਪੀ ਨਿਵਾਸ, ਪਟਿਆਲਾ)

ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰੂ ਗਦੀ ਤੇ ਬਰਾਜਮਾਨ ਹੋਣ ਦੇ ਸਮੇਂ ਸ਼ਾਲ 1664 ਵਿਚ ਦੇਹਧਾਰੀ ਪਾਖੰਡੀ, ਕੁਕਰਮੀ ਮਾਇਆ ਦੇ ਲਾਲਚੀ ਕਲਜੁਗੀ ਬਹੁ-ਰੂਪੀਆਂ ਨੇ 22 ਮੰਜੀਆਂ ਬਾਬਾ ਬਕਾਲਾ ਸਾਹਿਬ ਦੇ ਸਥਾਨ ਤੇ ਲਗਾ ਲਈਆਂ ਸਨ ਇਹ ਸਾਰੇ ਧੀਰਮਲੀਏ, ਰਾਮ-ਰਾਈਏ, ਲੁਟੇਰੇ ਮਸੰਦ ਸਨ ਜੋ ਲੋਕਾਂ ਤੋਂ ਪੂਜਾ ਦਾ ਦਾਨ, ਧਰਮ ਪ੍ਰਚਾਰ ਦੇ ਨਾਂ ਤੇ ਇਕੱਠਾ ਕਰਕੇ ਮਾਇਆ ਦੀ ਜਕੜ ਵਿਚ ਕਿਰਲੇ ਵਾਂਗ ਹੰਕਾਰੇ ਗਏ ਸਨ, ਮਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਸਚੇ ਪਾਤਸ਼ਾਹ ਦੀ ਬਾਣੀ ਦਾ ਸਿਦਕੀ ਸੇਵਕ ਸੀ ਰਾਹੀਂ ਅਕਾਲ ਪੁਰਖ ਨੇ ਆਪਣੇ ਸਚੇ ਸੇਵਕ ਤੇਗ ਬਹਾਦਰ ਜੀ ਦੀ ਤਪ-ਸਾਧਨਾ ਸਾਰੇ ਸੰਸਾਰ ਤੇ ਪ੍ਰਗਟ ਕਰਨੀ ਸੀ। ਉਸ ਸਮੇਂ ਲਾਲਚੀ ਪਖੰਡੀ ਕੁਕਰਮੀਆਂ, ਪਾਂਡਿਆਂ ਬ੍ਰਾਹਮਣਾਂ ਪੰਡਤਾਂ ਦੇ ਏਜੰਟਾਂ ਨੇ ਗੁਰੂ ਗ੍ਰੰਥ ਸਾਂਹਿਬ ਵਾਲੀ ਪਵਿੱਤਰ ਪੋਥੀ ਵਿਚ ਆਪਣੀ ਮਨਮਾਨੀ, ਕਚੀ ਬਾਣੀ ਦਰਜ ਕਰਕੇ, ਅਕਾਲ ਪੁਰਖ ਦੀ ਧੁਰ ਕੀ ਬਾਣੀ ਵਿਚ ਕਾਫੀ ਰਲਗਡ ਕਰ ਦਿਤਾ ਅਤੇ ਆਪਣੀ ਵਡਿਆਈ ਪ੍ਰਸੰਸਾ ਕਰਵਾਉਣ ਲਗ ਪਏ। ਅਕਾਲਪੁਰਖ ਦੀ ਵਡਿਆਈ ਕਰਵਾਉਣ ਦੀ ਬਜਾਏ ਆਮ ਲੋਕਾਂ ਨੂੰ ਬਾਣੀ ਵਿਚੋਂ ਸਲੋਕ ਉਦਾਹਰਣਾਂ ਦੇਕੇ ਵਹਿਮਾਂ ਭਰਮਾਂ ਵਿਚ ਪਾਕੇ, ਬਾਣੀ ਦੇ ਅਰਥ ਉਲਟ ਸਿਧ ਕਰਕੇ ਕੇਵਲ ਮਾਇਆ ਬਟੋਰਨ ਤਕ ਹੀ ਰਹਿ ਗਏ। ਮੁਗਲ ਜਰਵਾਣੇ ਅਤੇ ਜ਼ਾਲਮ ਹਾਕਮ ਸਨ, ਅਯਾਸ਼ ਸਨ, ਪੰਡਤ, ਬ੍ਰਾਹਮਣ ਲਾਲਚੀ ਸਨ, ਗੁਰੂ ਨਾਨਕ ਦੀ ਬਾਣੀ ਸਾਰੇ ਮਨੁਖਾਂ ਨੂੰ ਇਕ ਬਰਾਬਰ ਸਮਝ ਕੇ ਅਣਖ ਨਾਲ ਜੀਉਣਾ, ਅਕਾਲਪੁਰਖ ਦੇ ਲੜ ਲਗ ਕੇ ਹਰ ਕਿਸੇ ਨੂੰ ਭਗਤੀ ਕਰਨੇ, ਸਿਮਰਨ ਕਰਨ, ਇਸ਼ਨਾਨ ਕਰਨ, ਦਾਨ ਕਰਨ, ਕ੍ਰਿਤ ਕਰਨ ਦੀ ਪ੍ਰੇਰਨਾ ਦੇਂਦੀ ਸੀ। ਇਸ ਕਰਕੇ ਜੋ ਲਾਲਚੀ ਬ੍ਰਾਹਮਣ ਸਨ ਉਹ ਵਿਦਿਆ ਪੜ੍ਹਨ ਪਾਠ ਪੂਜਾ ਕਰਨ ਦਾ ਅਧਿਕਾਰ ਕੇਵਲ ਆਪਣੇ ਤਕ ਹੀ ਸੀਮਤ ਰਖਦੇ ਲੋਕਾਂ ਨੂੰ ਟੂਣੇ, ਧਾਗੇ, ਮੰਤਰ ਵਹਿਮ, ਲੋਕਾਂ ਲਈ ਉਪਾ ਕਰਨ ਦੇ ਬਹਾਨੇ, ਗਰੀਬਾਂ ਦਾ ਸਾਰਾ ਕੁਝ ਹੜੱਪ ਕਰਨ ਤਕ ਤਿਆਰ ਰਹਿੰਦੇ ਸਨ, ਸ਼ਿਵਲਿੰਗ ਦੀ ਪੂਜਾ ਕਰਵਾਉਣ ਦੀ ਆੜ ਵਿਚ ਧਰਮ ਦੇ ਨਾਂ ਤੇ ਪਖੰਡ ਕਰਕੇ, ਸਜ ਵਿਆਹੀਆਂ ਨੌਜਵਾਨ ਖੂਬ ਸੂਰਤ ਲੜਕੀਆਂ ਨੂੰ ਸ਼ਾਦੀ ਬਾਅਦ ਡੋਲੇ ਵਿਚੋਂ ਨਿਕਲਦੇ ਹੀ ਪੱਥਰ ਦੇ ਸ਼ਿਵਲਿੰਗ ਨਾਲ ਲਿੰਗ ਜੋੜਨ ਦੀ ਤੀਬਰ ਇਛਾ ਪ੍ਰਗਟ ਕਰਕੇ ਲੋਕਾਂ ਦੀ ਅਸਮਤ ਲੁਟਦੇ ਸਨ। ਸੋਨੇ ਚਾਂਦੀ ਦੇ ਜ਼ੇਵਰ ਭੇਟਾ ਵਜੋਂ, ਪਥਰ ਦੀਆਂ ਨਗਨ ਮੂਰਤੀਆਂ ਨੂੰ ਖੁਸ਼ ਕਰਨ ਦੇ ਬਹਾਨੇ, ਸ਼ਰਾਬ ਮੀਟ, ਬਕਰੇ, ਮੁਰਗੇ ਮਾਸੂਮ ਬਚੇ ਬਲੀ ਵਜੋਂ ਡਕਾਰ ਜਾਂਦੇ ਸਨ, ਲੋਕਾਂ ਵਰ ਸਰਾਪ ਦੇਣ ਦੀਆਂ ਧਮਕੀਆਂ ਦੇ ਕੇ ਵਿਲਹੜ ਬਗਲੇ ਭਗਤ ਬਣਕੇ, ਗੋਗੜਾਂ ਫੁਲਾਈ ਜਾਂਦੇ ਸਨ। ਸਰਕਾਰੇ ਦਰਬਾਰੇ ਨਿੰਦਾ ਚੁਗਲੀ ਕਰਕੇ ਮੁਰਾਸੀਆਂ ਵਾਂਗ ਤੋਹਫੇ, ਖ਼ਿਲਵਤਾਂ, ਰੁਤਬੇ, ਇਨਾਮ, ਸਨਮਾਨ ਅਹੁਦੇ, ਜਾਇਦਾਦਾਂ

ਜਾਗੀਰਾਂ ਅਤੇ ਹੋਰ ਸਹੂਲਤਾਂ ਪ੍ਰਾਪਤ ਕਰਦੇ, ਗਰੀਬ ਲੋਕਾਂ ਦੀਆਂ ਨੌਜਵਾਨ ਲੜਕੀਆਂ, ਔਰਤਾਂ ਸਰਕਾਰੀ ਅਯਾਸ਼ ਹਾਕਮਾਂ ਨੂੰ ਤੁਹਫੇ ਵਜੋਂ ਪੇਸ਼ ਕਰਦੇ, ਆਮ ਲੋਕਾਂ ਦੇ ਰਿਸ਼ਤੇ ਨਾਤੇ ਵਿਚੋਲੇ ਬਣਕੇ ਕਰਦੇ, ਨਕਦੀ, ਸੋਨਾ ਚਾਂਦੀ ਵਿਚੋਂ ਕਮਿਸ਼ਨ ਵਿਆਹ ਪੜ੍ਹਾਉਣ ਸਮੇਂ ਲੈ ਲੈਂਦੇ, ਵਿਆਹ ਰਸਮ ਅਧੀ ਰਾਤ ਸਮੇਂ ਦੇ ਲਗ ਭਗ ਹੀ ਲਗਨ ਕਢਕੇ ਕਰਵਾਉਂਦੇ ਤਾਂ ਜੋ ਆਮ ਲੋਕ ਡੂੰਘੀ ਨੀਂਦ ਸੁਤੇ ਪਏ ਹੋਣ ਅਤੇ ਇਨ੍ਹਾਂ ਦੀਆਂ ਲਾਲਚੀ ਹਰਕਤਾਂ ਵਲ ਵੇਖਕੇ ਪੁਛ ਪੜਤਾਲ ਵੀ ਨਾ ਕਰ ਸਕੇ ।

ਮੁਗਲ ਹਾਕਮ ਲੁਟੇਰੇ, ਧਾੜਵੀ ਅਯਾਸ਼ ਕੁਕਰਮੀ ਸਨ । ਚੰਦੂ ਗੰਗੂ ਬ੍ਰਾਹਮਣ ਲਾਲਚੀ ਸਨ, ਨਿੰਦਕ ਚੁਗਲ ਖੋਰ ਜ਼ਮੀਰ-ਫਰੋਸ਼ ਨਾਰਦ ਮੁਨੀ ਦੀ ਸੰਤਾਨ ਸਨ, ਚੜ੍ਹਦੇ ਸੂਰਜ ਨੂੰ ਸਲਾਮ ਕਰਨ ਅਰਥਾਤ ਸਮੇਂ ਦੇ ਹਾਕਮਾਂ ਅਹਿਲਕਾਰਾਂ ਦੀ ਖੁਸ਼ਾਮਦ ਵਡਿਆਈ ਕਰਕੇ ਆਮ ਜਨਤਾ ਨੂੰ ਧੋਖਾ ਦੇਣ ਵਾਲੇ ਸਨ । ਇਨ੍ਹਾਂ ਦੇ ਅੰਦਰੋਂ ਸਚੇ ਪਰਮਾਤਮਾਂ ਦੀ ਭਗਤੀ, ਸਿਮਰਨ ਕੁਰਬਾਨੀ ਗਰੀਬਾਂ ਦੀ ਸੇਵਾ, ਸੰਭਾਲ ਹਮਦਰਦੀ, ਪਰਉਪਕਾਰ ਵਾਲੀ ਭਾਵਨਾ ਅਤੇ ਸੰਸਕਾਰ ਮਰ ਚੁਕੇ ਸਨ, ਮੰਦਰਾਂ ਵਿਚ ਰਾਤ ਸਮੇਂ ਕਿਸੇ ਓਪਰੇ ਆਦਮੀ ਨੂੰ ਠਹਿਰਨ, ਰੋਟੀ ਆਦਿ ਦਾ ਪ੍ਰਬੰਧ ਨਹੀਂ ਸੀ ਕਿ ਕੋਈ ਇਨ੍ਹਾਂ ਦੇ ਭਰਿਸ਼ਟ ਜੀਵਨ ਆਚਾਰ, ਵਿਚਾਰ ਨੂੰ ਵੇਖ ਨਾ ਲਵੇ । ਰਾਸ ਲੀਲਾ ਦੇ ਬਹਾਨੇ ਅਯਾਸ਼ੀ ਅਤੇ ਪਖੰਡ ਕਰਦੇ, ਮੁਗਲ ਆਯਾਸ਼ ਹਾਕਮ ਇਨ੍ਹਾਂ ਲਾਲਚੀ ਲੋਕਾਂ ਨੂੰ ਆਪਣੇ ਏਜੰਟ ਸਮਝ ਕੇ ਦੇਸ਼ ਦੀ ਤਾਕਤ ਨੂੰ ਪਾੜੋ ਤੇ ਰਾਜ ਕਰੋ ਦੀ ਅਪਨਾਉਂਦੇ ਰਹੇ । ਔਰੰਗਜ਼ੇਬ ਮਕਾਰ, ਵਹਿਮੀ, ਜਾਲਮ ਸੀ ਉਸ ਨੇ ਧਰਮ ਦੇ ਨਾਂ ਤੇ ਨਿੰਦਕ ਚੁਗਲਖੋਰ ਲਾਲਚੀ ਬ੍ਰਾਹਮਣਾਂ ਨੂੰ ਗੁਲਾਮ ਬਣਾ ਲਿਆ । ਇਨ੍ਹਾਂ ਦੇ ਸਿਰ ਦੇ ਵਾਲ, ਦਾੜ੍ਹੀ ਰਖਣ ਤੇ ਪਾਬੰਧੀ ਲਗਾ ਦਿਤੀ, ਇਨ੍ਹਾਂ ਦੇ ਮੰਦਰਾਂ ਦੀਆਂ ਸੋਨੇ ਦੀਆਂ ਤੋੜ ਕੇ ਲੁਟ ਲਈਆਂ, ਧਰਮ ਸ਼ਾਸ਼ਤਰਾਂ, ਗ੍ਰੰਥਾਂ ਨੂੰ ਸਾੜ ਫੂਕ ਦਿਤਾ, ਜੰਞੂ ਉਤਾਰ ਦਿਤੇ, ਮਸੀਤਾਂ ਵਿਚ ਕਲਮੇ ਪੜਾਉਣੇ ਸ਼ੁਰੂ ਕਰ ਦਿਤੇ । ਇਹ ਸੇਠ ਤੋਂ ਸ਼ੇਖ ਬਣ ਗਏ, ਬੁਜ਼ਦਿਲ ਮੌਤ ਤੋਂ ਡਰਦੇ ਹਨ ।

ਸਰਕਾਰੀ ਹਾਕਮ ਕਾਨੂੰਨ ਦੀ ਆੜ ਵਿਚ ਲਾਲਚੀ ਸਜਣ ਠਗ ਅਤੇ ਗੰਗੂ ਬ੍ਰਾਹਮਣ ਧਰਮ ਸ਼ਾਸ਼ਤਰਾਂ ਦੀ ਆੜ ਵਿਚ ਅਤੇ ਚੋਰ ਡਾਕੂ ਆਪਣੀ ਤਾਕਤ ਮਾਰੂ ਹਥਿਆਰਾਂ ਦੀ ਧਮਕੀ ਨਾਲ ਗਰੀਬ ਜਨਤਾ ਆਮ ਲੋਕਾਈ ਨੂੰ ਲੁਟ ਰਹੇ ਸਨ । ਧਰਮ ਅਤੇ ਸਮਾਜ ਦੇ ਠੇਕੇਦਾਰ, ਧਰਮ ਪਵਿਤਰਤਾ ਤੋਂ ਸਖਣੇ ਹੋ ਗਏ । ਦੇਸ਼ ਦੀ ਤਾਕਤ ਨੂੰ ਇਨਾਂ ਗੈਰਤ-ਹੀਨ ਨਿੰਦਕ, ਚੁਗਲਖੋਰ, ਹੰਕਾਰੀ, ਲਾਲਚੀ ਬ੍ਰਾਹਮਣਾਂ ਨੇ ਹਮਲਾ ਕਰਕੇ ਗੁਲਾਮ ਬਣਾ ਕੇ ਮੁਗਲ ਲੁਟੇਰਿਆਂ ਜਰਵਾਣਿਆਂ ਧਾੜਵੀਆਂ, ਜ਼ਾਲਮਾਂ, ਕੁਕਰਮੀਆਂ ਦੇ ਹਥ ਕਰ ਦਿਤਾ । ਆਪ ਬਹੁਰੂਪੀਏ ਬਣ ਕੇ ਲੋਕਾਂ ਨੂੰ ਹਰ ਮੌਕੇ ਖੁਸ਼ੀ ਗਮੀ ਦਾਨਪੁਜਾ ਲੈਣ ਦੀਆਂ ਵਿਧੀਆਂ, ਢੰਗ ਸੋਚਦੇ ਰਹਿੰਦੇ ਸਨ, ਸਾਰੀ ਉਮਰ ਆਪ ਕਦੇ ਇਕ ਪੈਸਾ ਵੀ ਕਿਸੇ ਗਰੀਬ ਨੂੰ ਦਾਨ ਨਹੀਂ ਕਰਦੇ, ਲੋਕਾਂ ਦੇ ਮਰਨ ਸਮੇਂ ਫੁਲ ਜਲ ਪਰਵਾਹ ਕਰਨ ਸਮੇਂ ਵੀ ਅਨੇਕਾਂ ਪ੍ਰਕਾਰ ਦੇ ਵਹਿਮ ਪਾ ਕੇ ਹਜ਼ਾਰਾਂ ਰੁਪਏ ਦਾਨ ਪੂਜਾ ਕਰਵਾ ਕੇ ਆਪਣੇ ਘਰਾਂ ਨੂੰ ਲੈ ਆਉਂਦੇ ਹਨ ਲੋਕਾਂ, ਲਈ ਪਾਠ ਕਰਨ ਦੇ ਬਹਾਨੇ ਲਗਵਾਉਣੇ ਹਨ, ਰਾਹੂ ਕੇਤੂ ਦੇ ਭੁਲੇਖੇ ਪਾ ਮਾਇਆ ਲੁਟਦੇ ਹਨ । ਗਊ ਨੂੰ ਮਾਤਾ ਕਹਿੰਦੇ ਪਰ ਜਦੋਂ ਉਹ ਦੁਧ ਦੇਣਾ ਬੰਦ ਕਰ

ਦੇਵੇ ਤਾਂ ਡਾਂਗਾਂ ਛਿਤਰਾਂ ਨਾਲ ਮੁਰੰਮਤ ਕਰਕੇ ਅਵਾਰਾ ਸਮਝ ਬਾਹਰ ਕਢ ਦੇਂਦੇ ਹਨ।

ਇਹ ਡਕੈਤ, ਧਰਮ ਦੇ ਨਾਂ ਤੇ ਪਖੰਡੀ ਡਕੈਤ ਹਨ ; ਆਮ ਲੋਕਾਂ ਨੂੰ ਸੰਸਕ੍ਰਿਤ ਨਹੀਂ ਆਉਂਦੀ ਇਹ ਉਨ੍ਹਾਂ ਦੇ ਅਨਭੋਲ ਪੁਣੇ ਤੋਂ ਪੂਰੀ ਤਰ੍ਹਾਂ ਨਾਜਾਇਜ਼ ਲਾਭ ਉਠਾਉਂਦੇ ਹਨ, ਲੋਕਾਂ ਦੀ ਮੁਕਤੀ ਕਰਨ, ਕਰਵਾਉਣ ਦਾ ਠੇਕਾ ਲੈ ਲੈਂਦੇ ਹਨ ਆਪ ਮਾਇਆ ਦੇ ਜੰਜਾਲ ਵਿੱਚ ਘੋਰ ਨਰਕਾਂ ਵਿੱਚ ਸਰਪ ਬਿੱਛੂ ਬਣ ਕੇ ਬਤੀਤ ਕਰਨ। ਮਾਇਆ ਦੇ ਲਾਲਚੀਆਂ ਨੂੰ ਹਰ ਤਰ੍ਹਾਂ ਡਰ ਭੈ, ਬੰਧਨ ਹੁੰਦੇ ਹਨ। ਉਹ ਮਾਇਆ ਦੇ ਗੁਲਾਮ ਹੁੰਦੇ ਹਨ। ਅੱਜ ਇਨ੍ਹਾਂ ਮਾਇਆ ਦੇ ਲਾਲਚੀਆਂ ਦੇ ਹਥੋਂ ਨੌਜਵਾਨ ਲੜਕੀਆਂ ਦਾਜ ਦੇਣ ਕਰਕੇ ਆਤਮਘਾਤ ਕਰ ਰਹੀਆਂ ਹਨ। ਉਨ੍ਹਾਂ ਨੂੰ ਮਾਰ ਪਿਟਾਈ ਕਰਕੇ ਜ਼ਿੰਦਾ ਸਾੜ ਕੇ ਸਟੋਵ ਫਟ ਕੇ ਸੜ ਜਾਣ ਦੇ ਬਹਾਨੇ ਲਗਾਏ ਜਾਂਦੇ ਹਨ। ਬਹੁਤ ਸਾਰੀਆਂ ਵੇਸਵਾ ਬਣ ਜਾਂਦੀਆਂ ਹਨ। ਇਨ੍ਹਾਂ ਦੇ ਅਵਤਾਰ, ਰਿਸ਼ੀਮੁਨੀ ਵਡ ਵਡੇਰੇ ਪੂਰੇ ਕੇਸ਼ ਦਾੜ੍ਹੀ ਸ਼ਸਤਰ ਆਦਿ ਰਖਦੇ ਸਨ, ਅਕਾਲ ਪੁਰਖ ਵਲੋਂ ਦਿਤੀ ਇਨਸ਼ਾਨੀ ਸ਼ਕਲ ਵਿੱਚ ਰਹਿੰਦੇ ਸਨ, ਪਰ ਅੱਜ ਇਹ ਕੁਦਰਤ ਨੂੰ ਵੀ ਚੈਲੰਜ ਕਰਦੇ ਹਨ। ਸਿਰ ਦੇ ਵਾਲ, ਦਾੜ੍ਹੀ ਕਟਵਾਉਣ ਤੇ ਫੈਸ਼ਨ ਸਮਝਦੇ ਹਨ, ਇਨ੍ਹਾਂ ਦੇ ਘਰਾਂ ਵਿੱਚ ਲੜਕੀਆਂ ਔਰਤਾਂ ਆਪਣੇ ਕੁਦਰਤੀ ਵਾਲਾਂ ਤੋਂ ਇਲਾਵਾ ਹੋਰ ਬਨਾਵਟੀ ਵਾਲ ਜੂੜੇ ਲਗਾ ਕੇ ਸੁੰਦਰ ਬਣਨ ਦੀ ਕੋਸ਼ਿਸ਼ ਕਰਦੀਆਂ ਹਨ। ਆਪ ਤਮਾਕੂ ਪੀਂਦੇ ਹਨ ਨਸ਼ੇ ਕਰਦੇ ਹਨ, ਅਕਾਲਪੁਰਖ ਵਲੋਂ ਦਿਤੇ ਸੁੰਦਰ ਸਰੀਰ, ਦਿਲ ਦਿਮਾਗ ਨੂੰ ਸਾਫ਼ ਰਖਣ ਦੀ ਬਜਾਏ ਕੈਂਸਰ ਤੇ ਹੋਰ, ਸਨਸਟੋਕ ਦੀਰਘ ਰੋਗ, ਬੀਮਾਰੀਆਂ ਲਗਾ ਕੇ ਨਸ਼ਟ ਕਰਦੇ ਹਨ। ਇਹ ਇਕ ਰਬ ਰਾਮ, ਪ੍ਰਮਾਤਮਾ ਇਸ਼ਟ ਦੀ ਹੋਂਦ ਨੂੰ ਨਹੀਂ ਮਨਦੇ, ਨਾ ਹੀ ਇਕ ਨਿਰੰਕਾਰ ਦੀ ਪੂਰਾ ਕਰਦੇ ਹਨ। ਸਗੋਂ ਅਨੇਕਾਂ ਦੇਵੀਆਂ ਦੇ ਪੁਜਾਰੀ ਹਨ, ਇਨ੍ਹਾਂ ਦੀਆਂ ਦੇਵੀਆਂ ਦੀਆਂ ਸ਼ਕਲਾਂ ਆਮ ਔਰਤਾਂ ਵਾਂਗ ਨਹੀਂ ਹਨ ਉਨ੍ਹਾਂ ਦੇ ਚਾਰ ਹਥ ਵਿਖਾਏ ਹੋਏ ਹਨੇ ਚਿਹਰੇ ਵੀ ਡਰਾਉਣੇ ਜਿਹੇ ਬਣਾਏ ਹੋਏ ਹਨ, ਹਨੂਮਾਨ ਇਨਸਾਨ ਨਹੀਂ ਸੀ, ਬਾਂਦਰਾਂ ਤੇ ਲੰਗੂਰਾਂ ਦੀ ਪੂਜਾ ਵੀ ਕਰਦੇ ਹਨ। ਰਾਮ ਲੀਲਾ ਦੇ ਦਿਨਾਂ ਵਿਚ ਸ੍ਰੀ ਰਾਮ ਚੰਦਰ ਸੀਤਾ ਲਕਸ਼ਮਨ ਰਾਵਨ ਆਦਿ ਦਾ ਰੋਲ ਭਗਤੀ, ਸਿਮਰਨ ਸੇਵਾ ਕਰਦਾ ਨਹੀਂ ਵਿਖਾਉਂਦੇ ਕੇਵਲ ਰਾਵਨ ਦਾ ਸੀਤਾ ਹਰਨ ਰੋਲ ਤੇ ਬਹੁਤ ਜ਼ੋਰ ਲਗਾ ਕੇ, ਵੇਦਾਂ ਦੇ ਗਿਆਤਾ ਬ੍ਰਾਹਮਣ ਰਾਵਨ ਨੂੰ ਸ਼ੀਤਾ ਦਾ ਕਲਾਵਾ ਭਰ ਕੇ ਚੁਕ ਕੇ, ਮੋਢੇ ਤੇ ਪਿਆਰ ਨਾਲ ਬਠਾ ਕੇ ਲੈ ਜਾਣਾ ਫ਼ਖਰ ਨਾਲ ਵਿਖਾਇਆ ਜਾਂਦਾ ਹੈ, ਸ੍ਰੀ ਰਾਮ ਚੰਦਰ ਦਾ ਵਿਯੋਗ, ਵਿਰਲਾਪ ਹਾਏ ਸੀਤੇ, ਹਾਏ ਸੀਤੇ ਕਰਨਾ ਵੀ ਫ਼ਖਰ ਨਾਲ ਜ਼ੋਰ ਨਾਲ ਦਰਸਾਇਆ ਜ਼ਾਂਦਾ ਹੈ। ਰਾਸ ਲੀਲਾ ਸਮੇਂ ਵੀ ਸ੍ਰੀ ਕ੍ਰਿਸ਼ਨ ਦਾ ਗੋਪੀਆਂ ਨਾਲ ਪਿਆਰ ਕਰਨਾ ਹੋਲੀ ਮਨਾਉਣਾ ਹੀ ਫ਼ਖਰ ਨਾਲ, ਕਾਮ ਦੇ ਭੜਕੀਲੇ ਸੀਨ ਵਿਖਾਏ ਜਾਂਦੇ ਹਨ, ਕੋਈ ਭਗਤੀ ਸਿਮਰਨ, ਸੇਵਾ, ਪਰਉਪਕਾਰ ਕੁਰਬਾਨੀ ਦੇ ਸੀਨ ਨਹੀਂ ਵਿਖਾਏ ਜਾਂਦੇ। ਨਾ ਹੀ ਕੋਈ ਵਿਸ਼ੇਸ਼ ਸੂਰਬੀਰਤਾ ਦੇ ਸੀਨ ਵਿਖਾਏ ਜਾਂਦੇ ਹਨ, ਹਰ ਸਾਲ ਰਾਵਣ ਦਾ ਬੁਤ ਸਾੜਕੇ ਕਰੋੜਾਂ ਰੁਪਏ ਖਰਚ ਕਰਕੇ, ਗੰਦਾ ਇਤਿਹਾਸ ਦੁਹਰਾਇਆ ਜਾਂਦਾ ਹੈ। ਲੋਕਾਂ ਨੂੰ ਵਰਤ ਰਖਣ ਲਈ ਕਿਹਾ ਜਾਂਦਾ ਹੈ ਆਪ ਹਰ ਤਰ੍ਹਾਂ ਦੇ ਪਦਾਰਥ ਲੈਂਦੇ ਹਨ। ਰਾਹੂ, ਕੇਤੂ, ਮੰਗਲ, ਛਨਿਛਰ, ਸਾੜਸਤੀਆਂ ਦੇ ਭਰਮ ਪਾਉਂਦੇ ਹਨ, ਜਦੋਂ

ਕੋਈ ਮਰ ਜਾਂਦਾ ਹੈ ਤਾਂ ਰੋਣ ਪਿਟਣ ਵਾਲੀਆਂ ਨੈਣਾਂ ਬੁਲਾ ਕੇ ਕਈ ਕਈ ਦਿਨ ਰੋਣ ਪਿਟਣ ਮੁਕਾਬਲਾ ਕਰਵਾਇਆ ਜਾਂਦਾ ਹੈ। ਇਹ ਪਤਾ ਹੈ ਕਿ ਜੋ ਵੀ ਪੈਦਾ ਹੋਇਆ ਹੈ ਉਸਨੇ ਜ਼ਰੂਰ ਮਰਨਾ ਹੈ ; ਰੋਣ ਪਿਟਣ ਵਾਲਿਆਂ ਨੇ ਵੀ ਜ਼ਰੂਰ ਮਰਨਾ ਹੈ, ਇਹ ਜੰਮਣ ਮਰਨ ਦੀ ਖੇਡ ਹੈ। ਅਨੇਕ ਪ੍ਰਕਾਰ ਦੇ ਜ਼ਾਨਵਰਾਂ, ਪਸ਼ੂ, ਪੰਛੀਆਂ, ਗਰੜ ਭਗਵਾਨ, ਅਗਨੀ ਜਲ, ਪਥਰ ਦਰਖਤਾਂ ਪਿਪਲ, ਕਰੀਰ ਦੀ ਪੂਜਾ ਕਰਦੇ ਹਨ। ਮੰਦਰਾਂ ਵਿੱਚ ਵੀ ਹਰ ਰੋਜ਼ ਕੋਈ ਕਥਾ, ਪਾਠ, ਸ਼ਬਦ ਕੀਰਤਨ ਨਹੀਂ ਕਰਦੇ, ਨਾ ਹੀ ਉਸ ਭਗਵਾਨ ਦੀ ਵਿਸ਼ੇਸ਼ਤਾ ਗੁਣ ਦਰਸਾਉਂਦੇ ਹਨ। ਕੇਵਲ ਅੰਦਰ ਵੜ ਕੇ ਵਡਾ ਘੰਟਾ, ਟਲ ਖੜਕਾਉਂਦੇ ਹਨ, ਅੰਦਰ ਮਥਾ ਟੇਕ, ਪ੍ਰਸ਼ਾਦ ਲੈ ਕੇ, ਛੋਟੀਆਂ ਘੰਟੀਆਂ ਟਲੀਆਂ ਛਣਕਾ ਕੇ ਵਖ ਵਖ ਮੂਰਤੀਆਂ ਨੂੰ ਨਮਸਕਾਰ ਕਰਕੇ ਉਨ੍ਹਾਂ ਦੀ ਜੈ ਕਹਿ ਕੇ ਬਾਹਰ ਆ ਜਾਂਦੇ ਹਨ, ਕੀ 24 ਘੰਟੇ ਦੇ ਸਮੇਂ ਵਿੱਚ ਕੇਵਲ 8-10 ਮਿੰਟ ਵਖ ਦੇਵੀਆਂ ਦੇਵਤਿਆਂ ਦੀ ਸ਼ਬਦ ਜੈ ਕਹਿਣਾ ਕਾਫ਼ੀ ਹੈ ? ਸਤਿਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਜੇ ਕਰ ਮਨੁਖ ਜਨਮ ਦੀ ਇਕ ਜਾਤ ਦੇ ਅਨੇਕਾਂ ਪ੍ਰਕਾਰ ਦੇ ਭਗਵਾਨ ਹੋਣ ਤਾਂ ਸਾਰੇ ਬ੍ਰਾਹਮੰਡਾਂ ਦੇ ਚੌਰਾਸੀ ਲਖ ਜੂਨੀਆਂ ਦੇ ਕਿਤਨੇ ਕਰੋੜਾਂ ਭਗਵਾਨ ਹੋਣਗੇ, ਪਰ ਭਗਵਾਨ ਤਾਂ ਸਾਰੇ ਖੰਡਾਂ ਬ੍ਰਹਮੰਡਾਂ ਦੇ ਚੌਰਾਸੀ ਲਖ ਜੂਨੀਆਂ ਬਨਸਤਪੀ, ਜਲ, ਥਲ, ਚੰਦ ਸੂਰਜ ਦਾ ਕੇਵਲ ਇਕੋ ਇਕ ਹੈ। ਉਹ ਹੀ ਸਭ ਦਾ ਪੈਦਾ ਕਰਨ ਵਾਲਾ ਸਿਰਜਨਹਾਰ, ਪਾਲਕ ਹੈ, ਉਸ ਦਾ ਕੋਈ ਆਕਾਰ ਨਹੀਂ ਹੈ, ਉਹ ਹਰ ਕਿਸੇ ਵਿੱਚ ਪ੍ਰਗਟ ਜੋਤਿ ਪ੍ਰਕਾਸ਼ ਹੈ, ਸਭਨਾ ਜੀਆਂ ਕਾ ਇਕੋ ਦਾਤਾ ਹੈ, ਦਾਤਾਰ ਹੈ। ਤੀਰਥਾਂ ਤੇ ਜਾਕੇ ਮਰਦ ਔਰਤ ਦਾ ਇਕਠੇ ਹਥ ਵਿਚ ਹਥ ਪਾ ਕੇ ਇਸ਼ਨਾਨ ਕਰਨਾ, ਮੁਕਤੀ ਲਈ ਕਾਫ਼ੀ ਨਹੀਂ। ਤੀਰਥ ਅਸਥਾਨ ਨਾਲੋਂ ਉਸ ਅਕਾਲਪੁਰਖ ਦੇ ਸਚੇ ਸਿਦਕੀ ਸੇਵਕ ਬਣਨਾ ਉਸ ਦੇ ਹੁਕਮ ਵਿਚ ਰਹਿਣ ਹੀ ਠੀਕ ਹੈ। ਕੇਵਲ ਮਥਾ ਟੇਕਣਾ, ਚੜ੍ਹਾਵੇ ਚੜ੍ਹਾਉਣਾ, ਇਸ਼ਨਾਨ, ਦਾਨ ਕਰਨਾ ਨਹੀਂ ਸਗੋਂ ਮਨ ਨੂੰ ਅਕਾਲਪੁਰਖ ਦੇ ਸ਼ਬਦ ਵਲ, ਸਚਾਈ ਨੇਕ ਕਮਾਈ, ਕਰਕੇ ਜੀਵਨ ਸਫ਼ਲ ਕਰਨਾ ਹੈ।

ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਸੇਵਾ ਸ਼ੇਵਕ ਜੋ ਗਿਣਤੀ ਦੇ ਹੀ ਸਨ, ਅਕਾਲਪੁਰਖ ਦੀ ਭਗਤੀ, ਸਿਮਰਨ ਕਰਦੇ ਸਨ, ਧਰਮ ਦੀ ਖ਼ਾਤਰ ਅਣਖ ਨਾਲ ਆਪਾ ਵਾਰਨਾ ਜਾਣਦੇ ਸਨ, ਨੂੰ ਤਲਵਾਰ ਦੇ ਜ਼ੋਰ ਨਾਲ ਕਤਲ ਕੀਤਾ ਜਾਣ ਲਗਾ, ਇਸ ਤਰ੍ਹਾਂ ਦੇ ਹਾਲਾਤ ਨੂੰ ਠਲ੍ਹ ਪਾਉਣ ਲਈ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਅਕਾਲਪੁਰਖ ਦੇ ਸਚੇ ਭਗਤ, ਮਹਾਂਤਿਆਗੀ ਗੁਰੂ ਤੇਗ ਬਹਾਦਰ ਸਾਹਿਬ ਨੇ ਤਿਲਕ ਜੰਞੂ, ਹਿੰਦੂ ਧਰਮ ਦੀ ਰਖਿਆ ਲਈ ਆਪਣਾ ਆਪ ਖੁਸ਼ੀ ਨਾਲ ਕੁਰਬਾਨ ਕਰਨ ਲਈ ਜ਼ਾਲਮ ਔਰੰਗਜੇਬ ਦੀ ਰਾਜਧਾਨੀ ਦਿਲੀ ਵਿਚ ਗਏ ਅਤੇ ਆਪਣੇ ਹੋਨਹਾਰ ਸੂਰਬੀਰ ਦੁਲਾਰੇ ਗੋਬਿੰਦ ਰਾਏ ਨੂੰ ਬਾਬੇ ਨਾਨਕ ਦੀ ਆਸ਼ੀਰਵਾਦ, ਹੌਸਲਾ ਦੇਂਦੇ ਹੋਏ ਕਹਿ ਗਏ ਕਿ

ਬਲ ਹੋਆ ਬੰਧਨ ਛੂਟੇ, ਸਭੁ ਕਿਛ ਹੋਤ ਉਪਾਇ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿਦਕੀ ਸੇਵਕਾਂ ਨੂੰ ਇਨ੍ਹਾਂ ਲਾਲਚੀ ਚੰਦੂ ਅਤੇ ਗੰਗੂ ਬ੍ਰਾਹਮਣਾਂ ਦੀਆਂ ਭਰਿਸ਼ਟ ਨੀਚ, ਘਟੀਆ ਅਤੇ ਕਮੀਨੀਆਂ, ਇਨਸਾਨਾਂ ਵਿਚ ਭੇਦ ਭਾਵ, ਊਚ ਨੀਚ, ਵਖੇਵੇਂ, ਨਫ਼ਰਤ ਪਾਉਣ ਵਾਲੀਆਂ

ਹਰਕਤਾਂ, ਤਮਾਕੂ, ਨਸ਼ੇ ਵਹਿਮਾਂ, ਰੀਤੀ ਰਵਾਜਾਂ ਕੁਕਰਮਾਂ ਪਖੰਡਾਂ ਤੋਂ ਖ਼ਬਰਦਾਰ ਕੀਤਾ, ਧਰਮ ਦੇ ਨਾਂ ਤੇ ਲੁਟਣ ਵਾਲੇ ਦੁਸ਼ਟ ਮਸੰਦਾਂ ਨੂੰ ਤੇਲ ਦੇ ਕੜਾਹੇ ਵਿੱਚ ਪਕੇ ਸਾੜਿਆ ਅਤੇ ਅਕਾਲਪੁਰਖ ਦੀ ਬੰਦਗੀ ਭਗਤੀ ਕਰਨ ਲਈ ਧੁਰ ਕੀ ਅਲਾਹੀ ਅੰਮ੍ਰਿਤਮਈ ਬਾਣੀ ਦੀ ਪਾਹੁਲ ਤਿਆਰ ਕੀਤੀ, ਪੰਜ ਬਾਣੀਆ ਦਾ ਉਚਾਰਨ ਕੀਤਾ, ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਆਪਣੇ ਸਿੰਘ ਸਜਾਏ, ਸਰੀਰਕ ਅਤੇ ਆਤਮਕ ਤੌਰ ਤੇ ਬਲਵਾਨ ਕੀਤਾ। ਅਤੇ ਕਿਹਾ ਕਿ

ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ।

ਖਾਲਸੇ ਸੰਤ ਸਿਪਾਹੀ ਤਿਆਰ ਕੀਤੇ ਕਿ ਸਿੰਘ ਅਣਖ ਨਾਲ ਮੋਹ ਮਾਇਆ ਦਾ ਤਿਆਗ ਕਰਕੇ ਸਚੇ ਅਕਾਲਪੁਰਖ ਦੀ ਵਡਿਆਈ ਸੁਆਸ ਸੁਆਸ ਕਰਕੇ, ਸਾਰਾ ਜੀਵਨ ਅਕਾਲਪੁਰਖ ਦੇ ਲੇਖੇ ਲਗਾ ਕੇ, ਉਸ ਵਲੋਂ ਦਿਤੇ ਸੁਆਸ, ਮਾਇਆ, ਵਸਤਾਂ ਉਸ ਅਕਾਲਪੁਰਖ ਦੀ ਇਮਾਨਤ ਸਮਝ ਕੇ ਉਸ ਦੇ ਲੇਖੇ ਪਰਉਪਕਾਰ ਦੀ ਭਾਵਨਾ ਨਾਲ ਲਗਾ ਸਕੇ, ਆਪਣਾ ਜੀਵਨ ਆਪ ਸਫਲਾ ਕਰਕੇ, ਅੰਤ ਸਮੇਂ ਤਕ ਸਿਮਰਨ ਕਰਦਿਆਂ ਹੋਇਆ ਉਸ ਅਮਰ ਜੋਤਿ ਪ੍ਰਕਾਸ਼ ਵਿਚ ਲੀਨ ਹੋ ਜਾਵੇ ਅਤੇ ਚੁਰਾਸੀ ਲਖ ਜੂਨਾਂ ਵਿੱਚ ਬਾਰ ਬਾਰ ਆਉਣ, ਜਨਮ ਮਰਨ ਦੇ ਗੇੜ ਵਿੱਚ ਮੋਹ ਮਾਇਆ ਸੰਸਾਰ ਦੇ ਬੰਧਨਾਂ ਵਿੱਚ ਨਾ ਰਹੇ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸੇਵਕਾਂ ਸਿੰਘਾਂ ਨੂੰ ਬ੍ਰਾਹਮਣਾਂ ਦੇ ਫੋਕਟ ਰੀਤ ਰਵਾਜਾਂ ਵਹਿਮਾਂ ਭਰਮਾਂ ਮੂਰਤੀ ਪੂਜਾ ਤੋਂ ਵਰਜਿਆ ਹੈ। ਹੁਕਮ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮਨਣਾ ਹੈ, ਅਮ੍ਰਿਤ ਛਕ ਕੇ ਪੂਰਨ ਰਹਿਤ ਰਖਣੀ ਹੈ ਰਹਿਤ ਮਰਯਾਦਾ ਵਾਲਾ ਸਿੰਘ ਹੀ ਖਾਲਸਾ ਹੈ, ਖਾਲਸਾ ਤਿਆਗੀ ਜੀਵਨ ਉਚ ਇਖਲਾਕ ਅਤੇ ਪਰਉਪਕਾਰ ਵਾਲਾ, ਅਕਾਲਪੁਰਖ ਦੇ ਹੁਕਮ ਵਿੱਚ ਰਹਿ ਕੇ ਪਵਿਤਰ, ਉਚ ਆਚਰਨ ਵਾਲਾ ਜੀਵਨ ਬਤੀਤ ਕਰਨ ਵਾਲਾ ਹੈ, ਉਚੇ ਸਚੇ ਪਵਿਤਰ ਜੀਵਨ ਵਾਲੇ ਧਰਮੀ ਮਨੁਖ ਖਾਲਸੇ ਨੇ ਹੀ ਸੰਸਾਰ ਤੇ ਧਰਮ-ਇਨਸਾਫ਼ ਦਾ ਰਾਜ ਕਰਨਾ ਹੈ। ਗਰੀਬ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਅਕਾਲਪੁਰਖ ਦਾ ਸ਼ਬਦ ਕਲਜੁਗ ਦਾ ਉਧਾਰ ਕਰਨ ਵਾਲਾ ਹੈ।

ਦਰਸ਼ਨ ਪਰਸੀਏ ਗੁਰੂ ਕੇ ਜਨਮ ਮਰਨ ਦੁਖ ਜਾਇ।

**"ਨਾਨਕ ਨਾਮ ਧਿਆਈਐ,**
**ਕਾਰਜ ਆਵੈ ਰਾਸ।"**

# ਸੰਤਾਨਕ ਸਮਾਚਾਰ ਗੁਰਗੱਦੀ-1978

## ਦਸਵੀਂ ਦਾ ਸਮਾਗਮ :

ਮਨਸੂਰਾਂ ਨਗਰ ਪਖੋਵਾਲ ਵਾਲੀ ਸੜਕ ਉਤੇ ਲੁਧਿਆਣੇ ਤੋਂ ਅੱਠ ਮੀਲ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਨਮਿੱਤ (ਗਿਆਰਵੀਂ ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ) ਦੀ ਯਾਦ ਵਿਚ ਮਾਲਵੇ ਦੀਆਂ ਸੰਗਤਾਂ ਹਰ ਅਮਾਵਸ ਤੋਂ ਬਾਦ ਦਸਵੀਂ ਨੂੰ ਇਕਾਗਰ ਹੋ ਕੇ ਆਪ ਦੇ ਧਾਰਮਿਕ ਉਪਦੇਸ਼ਾਂ ਨੂੰ ਦੀਵਾਨ ਸਜਾ ਗ੍ਰਹਿਣ ਕਰਦੀਆਂ ਹਨ। ਅਨੇਕਾਂ ਅਖੰਡ ਪਾਠ ਰਖਵਾ ਗੁਰੂ ਦੇ ਲੰਗਰ ਕਰਾ, ਗੁਰੂ ਦੀਆਂ ਦੇਗਾਂ ਸਜਾ, ਗੁਰੂ ਨਾਨਕ ਪਾਤਸ਼ਾਹ ਤੇ ਆਪ ਦੀ ਸੰਤਾਨ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਆਪ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਹੇਠ ਲਿਖੇ ਸਜਣਾਂ ਨੇ ਅਖੰਡ ਪਾਠ ਲੰਗਰ ਤੇ ਪ੍ਰਸ਼ਾਦ ਕਰਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

17 ਮਈ 1978

1. ਸਰਦਾਰ ਗੁਰਦਿਆਲ ਸਿੰਘ ਬੜੈਚ Calgary Canada.
2. ਸਰਦਾਰ ਨਿਰਮਲ ਸਿੰਘ ਪਿੰਡ ਤੇ ਡਾਕਖਾਨਾ ਕਿਸ਼ਨ ਪੁਰ ਜ਼ਿਲਾ ਫਿਰੋਜ਼ਪੁਰ।

16 ਜੂਨ 1978

## ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ

ਇਸ ਪਵਿੱਤਰ ਦਿਹਾੜੇ ਤੇ ਅਨੇਕਾਂ ਅਖੰਡ ਪਾਠ ਰੱਖ ਕੇ ਧੰਨ ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨਕ ਜੋਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਸਲਾਨਾ ਜੋੜ ਮੇਲਾ ਜੋਤੀ ਜੋਤ ਸਮਾਗਮ ਬੜੀ ਧੂਮਧਾਮ ਨਾਲ ਮਨਾਇਆ ਗਿਆ। 13 ਜੂਨ ਨੂੰ ਜੋਧਾਂ ਵਿਖੇ ਤੇ 14 ਜੂਨ ਨੂੰ ਮਨਸੂਰਾਂ ਵਿਖੇ ਬੜੀ ਸੱਜ ਧੱਜ ਨਾਲ ਜਲੂਸ ਕਢੇ ਗਏ। ਸੰਗਤਾਂ ਨੂੰ ਬੜਾ ਉਤਸ਼ਾਹ ਸੀ। ਇਸ ਹੀ ਦਿਹਾੜੇ ਜੋ ਹਸਪਤਾਲ ਦਾ ਮਰਦਾਨਾ ਵਾਰਡ 19—3—78 ਨੂੰ ਸਰਦਾਰ ਆਤਮਾ ਸਿੰਘ ਜੀ ਵਿਕਾਸ ਮੰਤਰੀ ਨੇ ਉਦਘਾਟਨ ਕੀਤਾ ਸੀ। ਅਜ ਦੇ ਦਿਹਾੜੇ **ਜਨਾਨਾ ਵਾਰਡ ਦਾ ਉਦਘਾਟਨ ਸ: ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ** ਪੰਜਾਬ ਨੇ ਆਪਣੇ ਹਸਤ ਕਮਲਾਂ ਨਾਲ ਕੀਤਾ। ਇਸ ਇਮਾਰਤ ਨੂੰ ਮੁਕੰਮਲ ਕਰਨ ਦੇ ਵਿਚ ਸ੍ਰੀ ਹਜ਼ੂਰ ਬਾਬਾ ਜੀ ਦੇ ਲੱਖਾਂ ਰੁਪਏ ਖਰਚ ਹੋਏ। ਇਸ ਹਸਪਤਾਲ ਵਾਸਤੇ 30000/- ਰੁਪਏ ਦਾ ਫਰਨੀਚਰ ਆਇਆ। ਇਸ ਸਮੇਂ ਸੈਂਕੜੇ ਗੁਰੂ ਦੇ ਸਿਖ ਤੇ ਹੋਰ ਜਨਤਾ ਦੁਖੀ ਮਰੀਜ ਦੁਆਈ ਲੈ ਕੇ ਦਾਨੀ ਮਹਾਂ ਪੁਰਸ਼ਾਂ ਨੂੰ ਅਸੀਸਾਂ ਦੇਂਦੇ ਹਨ। ਇਸ ਸਮੇਂ ਤੇ ਜਿਨਾਂ ਸਜਣਾਂ ਵਲੋਂ ਅਖੰਡ ਪਾਠ ਰਖਵਾਏ ਗਏ।

1. ਸ੍ਰੀ ਹਜ਼ੂਰ ਜੀ ਵਲੋਂ ਸਤਿਗੁਰੂ ਦੇ ਸ਼ੁਕਰਾਨੇ ਵਿਚ ਜੋ ਆਪ ਨੇ ਦਾਤ ਦੀ ਅਰਦਾਸ ਬੇਨਤੀ ਪ੍ਰਵਾਨ ਕੀਤੀ ਅਤੇ ਸਰਦਾਰ ਗੁਲਜ਼ਾਰ ਸਿੰਘ ਲੁਧਿਆਣਾ ਦੇ ਜੋਹਤਰੇ ਦੀ ਦਾਤ ਬਖਸ਼ਣ ਦੀ ਖੁਸ਼ੀ ਵਿਚ।

2. ਸਰਦਾਰ ਮਨਧੀਰ ਸਿੰਘ ਜੀ **Mrs, Miss Jagjit Kaur Orleans Canada.**

3. ਹਰਚੰਦ ਹਿੰਘ ਜੀ ਲੁਧਿਆਣਾ, ਕੁਟਾਲਾ ਪਿੰਡ

4. ਪ੍ਰੀਤਮ ਸਿੰਘ ਪੁਤਰ ਭਗਵਾਨ ਸਿੰਘ ਮੇਦਪੁਰ

5. ਸ. ਸਰਬਜੀਤ ਸਿੰਘ ਬੋਪਾਰਾਇ ਵਾਲੇ

6. ਬੀਬੀ ਭਜਨ ਕੌਰ ਪਿੰਡ ਗੁਰੂ ਘਰ

7. ਪਟਰੋਲ ਪੰਪ ਮਨਸੂਰਾਂ

8. ਸ. ਪ੍ਰੀਤਮ ਜੀ ਪਿੰਡ ਗਿੱਲਾਂ

9. ਬੀਬੀ ਜੋਗਿੰਦਰ ਕੌਰ B.D.O. ਫਿਲੌਰ ਪਿੰਡ ਧੂਤਾਂ

10. ਗੁਪਤ ਮਨਸੂਰਾਂ

11. ਸਰਦਾਰ ਮਨਮੋਹਣ ਸਿੰਘ ਗਰੇਵਾਲ **Calgary Canada**

15 ਜੁਲਾਈ 1978

ਸਰਦਾਰ ਬਲਵੰਤ ਸਿੰਘ ਗੋਬਿੰਦਪੁਰਾ ਲੁਧਿਆਣਾ

## ਅਮਾਵਸ ਦਾ ਸਮਾਗਮ :

ਹਰ ਅਮਾਵਸ ਨੂੰ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਦੇ ਪਵਿੱਤਰ ਅਸਥਾਨ ਤੇ ਅਖੰਡ ਪਾਠ ਰਖਵਾ ਦੀਵਾਨ ਸਜਦਾ ਹੈ। ਇਹ ਉਹ ਅਸਥਾਨ ਹੈ ਜਿਥੇ ਜੋ ਆਵੇ ਸੋ ਰਾਜ਼ੀ ਜਾਵੇ। ਸੱਤ ਅਮਾਵਸ ਇਸ਼ਨਾਨ ਕਰ ਕੇ ਦੁਖ ਕਲੇਸ਼ਾਂ ਵਾਲੇ ਰਾਜ਼ੀ ਹੋ ਜਾਂਦੇ ਹਨ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਆਪ ਦਾ ਇਤਿਹਾਸ ਸੁਣ ਗੁਰੂ ਨਾਨਕ ਨਾਮ ਲੇਵਾ ਬਣਦੇ ਹਨ। ਦੁਨੀਆਂ ਨਾਲੋਂ ਟੁੱਟ ਗੁਰੂ ਨਾਨਕ ਪਾਤਸ਼ਾਹ ਨੂੰ ਅਪਣਾਉਂਦੇ ਹਨ।

## (ਜਨਮ ਦਿਵਸ ਬਾਬਾ ਅਮਰਜੋਤ ਸਿੰਘ ਜੀ ਬੇਦੀ)

ਆਪ ਸ੍ਰੀ ਹਜ਼ੂਰ ਜੀ ਦੇ ਪੋਤਰੇ ਹਨ। ਗੁਰੂ ਨਾਨਕ ਪਾਤਸ਼ਾਹ ਦੀ ਅਠਾਰਵੀਂ ਸੰਤਾਨਕ ਜੋਤ ਹਨ। ਅਜ 12 ਮਈ ਨੂੰ ਸਤਿਗੁਰੂ ਦੀ ਕਿਰਪਾ ਨਾਲ ਪੂਰੇ ਦੋ ਸਾਲ ਦੇ ਹੋ ਗਏ ਹਨ। ਆਪ ਦੇ ਜਨਮ ਦਿਵਸ ਦੀ ਖੁਸ਼ੀ ਵਿਚ 10 ਮਈ ਨੂੰ ਅਮ੍ਰਿਤ ਮਈ ਬਾਣੀ ਦਾ ਅਖੰਡ ਪਾਠ ਰਖਾ ਕੇ 12 ਮਈ ਨੂੰ ਸਮਾਪਤੀ ਹੋਈ। ਬੇਅੰਤ ਸੰਗਤਾਂ ਇੱਕਠੀਆਂ ਹੋਈਆਂ ਤੇ ਸੰਗਤ ਨੇ ਅਰਦਾਸ ਕੀਤੀ ਕਿ ਬਾਬਾ ਜੀ ਦੀਰਘ ਆਯੂ ਵਾਲੇ ਹੋਣ ਤੇ ਸੰਗਤਾਂ ਦੀ ਸੇਵਾ ਤੇ ਸੰਭਾਲ ਕਰਣ।

11 ਮਈ ਨੂੰ ਚੰਡੀਗੜ ਵਿਖੇ ਪੁਜ ਕੇ ਸ੍ਰੀ ਹਜ਼ੂਰ ਨੇ 1313 ਰੁਪਏ ਸ: ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਅਤੇ 1313 ਰੁਪਏ ਸਰਦਾਰ ਆਤਮਾ ਸਿੰਘ ਜੀ ਨੂੰ ਉਨਾਂ ਦੇ ਦਾਨ ਫੰਡ ਵਿਚ ਜਿਹੜੇ ਗੁਰਸਿੱਖ ਵਿਸਾਖੀ ਵਾਲੇ ਦਿਹਾੜੇ ਸ਼ਹੀਦ ਹੋਏ ਦਿਤੇ ਗਏ।

## ਧਰਮ ਪਰਚਾਰ ਦਾ ਪਰੋਗਰਾਮ

19 ਮਈ ਸ਼. ਗੁਰਦੇਵ ਸਿੰਘ ਦੇ ਘਰ ਭਾਰਤ ਨਗਰ ਚੌਂਕ ਲੁਧਿਆਣਾ ਵਿਖੇ।

20 ਮਈ ਸਰਦਾਰ ਸੇਵਾ ਸਿੰਘ ਜੀ ਮਾਨ ਲੁਧਿਆਣੇ ਦੇ ਘਰ ਵਿਖੇ !

21 ਮਈ ਤੋਂ 23 ਮਈ ਤਕ ਨਗਰ ਸੁਜੋਂ ਜਿਲਾ ਜਲੰਧਰ ਵਿਖੇ।

24 ਮਈ ਪਿੰਡ ਕਰਨਾਣਾ ਜ਼ਿਲਾ ਜਲੰਧਰ ਵਿਖੇ।

26 ਮਈ ਤੋਂ 28 ਮਈ ਤਕ ਅੰਮ੍ਰਿਤ ਮਈ ਬਾਣੀ ਦਾ ਅਖੰਡ ਪਾਠ ਸਰਦਾਰ ਕਰਤਾਰ ਸਿੰਘ ਛਾਉਣੀ ਮਹਲਾ, ਲੁਧਿਆਣਾ ਦੇ ਘਰ।

28 ਮਈ ਰਾਤ ਦਾ ਦੀਵਾਨ ਸਰਦਾਰ ਦੀਵਾਨ ਸਿੰਘ ਛਾਉਣੀ ਮਹੱਲਾ ਲੁਧਿਆਣਾ ਵਿਖੇ।

29 ਮਈ ਸਰਦਾਰ ਹਰਬੇਲ ਸਿੰਘ ਦਮੋਰੀਆਂ ਪੁਲ ਲੁਧਿਆਣਾ ਵਿਖੇ।

30 ਮਈ ਸ੍ਰੀ ਰਾਮ ਚੰਦ ਛਾਉਣੀ ਮਹੱਲਾ ਵਿਖੇ।

31 ਸ੍ਰੀ ਕਿਸ਼ਨ ਲਾਲ ਰਾਮ ਜੀ ਦਾਸ ਛਾਉਣੀ ਮਹੱਲਾ ਵਿਖੇ।

1 ਜੂਨ ਹਰਭਜਨ ਸਿੰਘ ਨਰੈਣ ਸਿੰਘ ਛਾਉਣੀ ਮਹਲਾ ਵਿਖੇ।

2 ਜੂਨ ਬਾਵਾ ਮਾਨਕ ਦਾਸ ਛਾਉਣੀ ਮਹੱਲਾ ਲੁਧਿਆਣਾ ਵਿਖੇ।

3, 4 ਜੂਨ ਊਨੇ ਸਾਹਿਬ ਪੁਜ ਕੇ ਭਾਈ ਹਰਦਿਤ ਸਿੰਘ ਜੀ ਦੀ ਦੁਕਾਨ ਤੇ ਅੰਮ੍ਰਿਤ ਮਈ ਬਾਣੀ ਦੇ ਅਖੰਡ ਪਾਠ ਦੀ ਸਮਾਪਤੀ ਕੀਤੀ। ਨਾਲ ਕਪੜੇ ਦੀ ਦੁਕਾਨ ਦਾ ਉਦਘਾਟਨ ਕੀਤਾ।

5 ਜੂਨ ਦੀਵਾਨ ਕੌਰ ਸਿੰਘ ਤੀਰਥ ਸਿੰਘ ਚਾਵਲਾ, ਛਾਉਣੀ ਮਹੱਲਾ ਵਿਖੇ।

6 ਜੂਨ ਹਰਨਾਮ ਦਾਸ ਹਲਵਾਈ ਛਾਉਣੀ ਮਹੱਲਾ ਵਿਖੇ।

7 ਜੂਨ ਕਾਲਾ ਸਿੰਘ ਦਾ ਪੁਤਰ ਅਮਰੀਕ ਸਿੰਘ ਛਾਉਣੀ ਮਹੱਲਾ ਵਿਖੇ।

8 ਜੂਨ ਜੋਗਿੰਦਰ ਸਿੰਘ ਪੁਤਰ ਅਮੀਰ ਸਿੰਘ ਛਾਉਣੀ ਮਹੱਲਾ ਲੁਧਿਆਣਾ ਵਿਖੇ।

14 ਜੂਨ ਤੋਂ 16 ਜੂਨ ਤਕ ਦੱਸਵੀਂ ਉਦਘਾਟਨ ਹਸਪਤਾਲ ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ।

2 ਜੁਲਾਈ ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਪੰਦਰਵੀਂ ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਰਸੀ ਨੰਗਲ ਬੱਟ ਜਿਲਾ ਊਨਾ ਵਿਖੇ ਆਪ ਦੀ ਸਮਾਧੀ ਤੇ ਬੜੀ ਧੂਮ ਧਾਮ ਨਾਲ ਸ੍ਰੀ ਮਾਨ ਸੰਤ ਹਰਬੰਸ ਸਿੰਘ ਜੀ ਨੇ ਸਰਦਾਰ ਮਿਲਖਾ ਸਿੰਘ, ਸਰਦਾਰ ਢੇਰਾ ਸਿੰਘ ਤੇ ਹੋਰ ਸਰਬੱਤ ਸੰਗਤਾਂ ਨੇ ਮਨਾਈ।

3 ਜੁਲਾਈ ਤੋਂ 8 ਜੁਲਾਈ ਤਕ ਪਿੰਡ ਰਾਊਆਲ ਨਿਤਾਪ੍ਰਤੀ ਦੀਵਾਨ ਸਜਦੇ ਰਹੇ।

9 ਜੁਲਾਈ ਤੋਂ 11 ਜੁਲਾਈ ਤਕ ਸਿੰਘ ਸਭਾ ਗੁਰਦਵਾਰਾ ਕਿਦਵਾਈ ਨਗਰ ਲੁਧਿਆਣਾ ਦੀਵਾਨ ਸਜੇ।

12 ਜੁਲਾਈ ਸ: ਰਾਜ ਸਿੰਘ ਟਰਾਂਸਪੋਰਟ ਦੇ ਘਰ ਦੀਵਾਨ ਸਜਾਇਆ ਗਿਆ।

13, 14, 15 ਜੁਲਾਈ ਦਸਵੀਂ ਦੇ ਦੀਵਾਨ ਸੱਜ ਧੱਜ ਨਾਲ ਮਨਾਏ ਗਏ।

## ਜੱਗ ਸਮਾਗਮ

16 ਜੁਲਾਈ ਭਾਈ ਭਗਤ ਸਿੰਘ ਜੀ ਭਾਈ ਹਰੀ ਸਿੰਘ ਜੀ ਤੇ ਮਹੰਤ ਜਵਾਹਰ ਸਿੰਘ ਜੀ ਦਾ ਹਰੀ ਪੁਰ (ਹੁਸ਼ਿਆਰਪੁਰ) ਵਿਖੇ ਮਨਾਇਆ ਗਿਆ।

17, 18, 19 ਜੁਲਾਈ ਪਿੰਡ ਅਕੂਵਾਲ ਤਹਿਸੀਲ ਜਗਰਾਉ ਵਿਖੇ ਅਖੰਡ ਪਾਠ ਰਖ ਕੇ ਤਿੰਨ ਦਿਨ ਖੁਲਾ ਪਰਚਾਰ ਹੋਇਆ।

20 ਜੁਲਾਈ ਪਿੰਡ ਰੁੜਕਾ ਵਿਖੇ ਸਰਦਾਰ ਅਮਰ ਸਿੰਘ ਦੇ ਘਰ ਦੀਵਾਨ ਸਜਿਆ।

ਇਨਾਂ ਦੀਵਾਨਾਂ ਦੇ ਵਿਚ ਸ੍ਰੀ ਹਜ਼ੂਰ ਨੇ ਨਿਤ ਪਰਤੀ ਗੁਰਬਾਣੀ ਦਾ ਕੀਰਤਨ ਉਪਰੰਤ ਗੁਰਮਤ ਦਾ ਪ੍ਰਚਾਰ ਕਰਦਿਆਂ ਹੋਇਆ ਸੰਗਤ ਨੂੰ ਪਰੇਰਿਆ। ਜੋ ਗੁਰੂ ਨਾਨਕ ਪਾਤਸ਼ਾਹ ਅਜ ਵੀ ਹਾਜਰ ਨਾਜਰ ਹਨ। ਜੋ ਜਾਗਦੀ ਜੋਤ ਹਨ। ਆਪ ਦਾ ਗਿਆਨ ਗੁਰੂ ਗ੍ਰੰਥ ਸਾਹਿਬ ਵਿਚ ਗੁਰਮੰਤਰ ਦਾ ਅਭਿਆਸ ਕਰਿਆ ਕਰੋ ਤੇ ਹਰੀ ਨਾਮ ਜਪਿਆ ਕਰੋ। ਦੰਭੀਆਂ ਤੇ ਪਾਪੀਆਂ ਤੇ ਗੁੰਮਰਾਹ ਕਰਨ ਵਾਲੇ ਕਲਜੁਗੀ ਗੁਰਮੁਖਾਂ ਕੋਲੋਂ ਬਚੋ। ਜੋ ਗੁਰੂ ਨਾਨਕ ਪਾਤਸ਼ਾਹ ਨਾਲ ਜੋੜੇ ਸੰਗਤ ਕਰਿਆ ਕਰੋ। ਜੋ ਪਾਤਸ਼ਾਹ ਨਾਲੋਂ ਤੋੜ ਆਪਣੇ ਨਾਲ ਜੋੜੇ ਔਰ ਮੈਂ ਮੇਰੀ ਵਿਚ ਫਸਾ ਦੇਵੇ ਇਨਾਂ ਵਿਅਕਤੀਆਂ ਤੋਂ ਕਿਨਾਰਾ ਕੀਤਾ ਹੀ ਚੰਗਾ ਹੁੰਦਾ ਹੈ।

## ਜਿਨ੍ਹਾਂ ਗੁਰ ਸਿੱਖਾਂ ਨੇ ਆਜ਼ੂਨੀ ਵਾਸਤੇ ਮਾਇਆ ਭੇਜੀ

101 ਰੁਪਏ ਸ੍ਰ: ਰਾਜ ਸਿੰਘ ਰੜੀ ਮਹਲਾ, ਲੁਧਿਆਣਾ।

101 ,, ਸ੍ਰ: ਪ੍ਰੀਤਮ ਸਿੰਘ ਰਾਓਆਲ, ਲੁਧਿਆਣਾ।

11 ,, ਸ੍ਰ: ਚੰਦ ਸਿੰਘ ਰਾਓਆਲ, ਲੁਧਿਆਣਾ।

21 ,, ਸ੍ਰ: ਸ਼ੇਰ ਸਿੰਘ ਰਾਓਆਲ ਲੁਧਿਆਣਾ।

25 ,, ਸ੍ਰ: ਬੰਤਾ ਸਿੰਘ ਰਾਓਵਾਲ ਲੁਧਿਆਣਾ।

50 ,, ਸ੍ਰ: ਭਾਗ ਸਿੰਘ ਨੰਗਲ ਬੱਟ ਜ਼ਿਲਾ ਊਨਾ ਸਾਹਿਬ

101 ਰੁਪੈ ਸ੍ਰ: ਸਤਿਨਾਮ ਸਿੰਘ ਗਿਲ ਰੋਡ ਲੁਧਿਆਣਾ ।

21 „ ਸ੍ਰ: ਸ਼ਰੂਪ ਸਿੰਘ ਬੱਪਾ ਰਾਏ ਲੁਧਿਆਣਾ ।

25 „ ਸ੍ਰ: ਗੁਰਦੇਵ ਸਿੰਘ ਮਨਸੂਰਾਂ ਲੁਧਿਆਣਾ ।

21 „ ਪਵਨ ਕਰਿਆਨਾ ਸਟੋਰ ਲੁਧਿਆਣਾ ।

21 „ ਸ: ਜੋਗਿੰਦਰ ਸਿੰਘ ਟੇਲਰ ਮਾਸਟਰ ਛੌਣੀ ਮਹਲਾ ਲੁਧਿਆਣਾ ।

21 „ ਸ: ਭੂਸ਼ਣ ਲਾਲ ਛੌਣੀ ਮਹਲਾ ਲੁਧਿਆਣਾ ।

10 „ ਸ੍ਰੀ ਚਾਨਣ ਰਾਮ ਆਹੂਜਾ ਗਾਂਧੀ ਨਗਰ ਲੁਧਿਆਣਾ ।

11 „ ਸ: ਪਰਮਜੋਤ ਸਿੰਘ ਪੁਤਰ ਸ: ਗੁਰਮੁਖ ਸਿੰਘ ਪੁਤਰ ਇੰਦਰ ਸਿੰਘ ਬਟਾਲਾ ।


---

# ਯਾਤਰਾ ਸ੍ਰੀ ਹਜ਼ੂਰ ਸਾਹਿਬ-ਪਟਨਾ ਸਾਹਿਬ

## ਜਗਨ ਨਾਥ ਪੁਰੀ, ਰਾਮੇਸ਼ਵਰਮ ਤੇ ਹੋਰ ਤੀਰਥ

ਆਸ ਹੈ ਜੋ ਇਸ ਸਾਲ 15 ਨਵੰਬਰ 1978 ਨੂੰ ਬੱਸਾਂ ਰਾਹੀਂ ਤੀਰਥ ਯਾਤਰਾ ਹੋਵੇਗੀ, ਤੇ ਨਾਲ ਜਾਣ ਵਾਲੀਆਂ ਅਭਿਲਾਸ਼ੀ ਸੰਗਤਾਂ ਆਪ ਆਪਣੀ ਦਰਖਾਸ਼ਤ ਘੱਲ ਦੇਣ

ਕੁਲ ਸਫਰ 10,000 ਕਿਲੋਮੀਟਰ ਦਾ ਹੋਵੇਗਾ ਤੇ ਬੱਸ ਦਾ ਇਕ ਸੀਟ ਦਾ ਕਰਾਇਆ 700/- ਰੁਪਏ (ਸੱਤ ਸੌ ਰੁਪਏ) ਹੋਵੇਗਾ । ਖੁਰਾਕ ਦਾ ਖਰਚਾ ਵੀ ਆਪੋ ਆਪਣਾ ਹੋਵੇਗਾ । ਯਤਨ ਕਰਾਂਗੇ ਕਿ ਗੁਰਦਵਾਰਿਆਂ ਵਲੋਂ ਸੰਗਤਾਂ ਦੀ ਸੇਵਾ ਹੋਵੇ ਪਰੰਤੂ ਜਿਥੇ ਨਾ ਹੋ ਸਕੇ ਉਥੇ ਆਪਣਾ ਪ੍ਰਬੰਧ ਕਰਨਾ ਪਵੇਗਾ । ਕੁਲ ਸਫਰ ਤੇ $1\frac{1}{2}$ ਮਹੀਨਾ ਲਗੇਗਾ ।




ਸ੍ਰੀ ਹਜ਼ੂਰ ਬਾਬਾ ਜੀ ਵਿਕਾਸ ਮੰਤਰੀ ਸ੍ਰੀ ਆਤਮਾ ਸਿੰਘ ਜੀ ਨੂੰ ਸਤਿਕਾਰਦੇ ਹੋਏ ਦਰਬਾਰ ਵਲੋਂ ਸ੍ਰੀਪਾਏ ਦੇ ਰਹੇ ਹਨ।



ਸ੍ਰੀ ਹਜ਼ੂਰ, ਦਮਦਮਾ ਅਸਥਾਨ ਵਲੋਂ, ਮੁਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਕ੍ਰਿਪਾਨ ਭੇਟ ਸਤਿਕਾਰ ਪੂਰਵਕ ਸਵੀਕਾਰ ਕਰ ਰਹੇ ਹਨ।



ਸ੍ਰੀ ਪ੍ਰਕਾਸ਼ ਸਿੰਘ ਜੀ ਬਾਦਲ, ਹਸਪਤਾਲ ਦੇ ਜ਼ਨਾਨਾ ਵਾਰਡ ਦਾ ਉਧਘਾਟਨ ਕਰ ਰਹੇ ਹਨ।
ਪਾਸ ਸ: ਆਤਮਾ ਸਿੰਘ ਜੀ ਤੇ ਸ੍ਰੀ ਹਜ਼ੂਰ ਖੜੇ ਹਨ।



ਸ੍ਰੀ ਪ੍ਰਕਾਸ਼ ਸਿੰਘ ਜੀ ਬਾਦਲ ਮੁਖ ਮੰਤਰੀ ਪੰਜਾਬ, ਸੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ ਸਵੀਕਾਰ ਕਰ ਰਹੇ ਹਨ। ਪਾਸ ਸ: (ਬਾਬਾ) ਸਰਬਜੋਤ ਸਿੰਘ ਜੀ ਬੈਠੇ ਹਨ।